# ਭੂਤ ਵਿਗਿਆਨ

## ਧਾਰਮਿਕ ਖੇਤਰ

ਹੈਰਾਨ ਹਾਂ ਕਿ ਕਿੰਨੇ ਲੋਕ ਇਸ ਛੋਟੇ ਗੀਤ ਨੂੰ ਜਾਣਦੇ ਹਨ, ਜਦ ਮੈਂ ਤੁਹਾਡਾ ਮਸੀਹੀ ਸੰਗਤ ਨਾਲ ਨਿੱਘਾ ਸਵਾਗਤ ਕਰਦਾ ਹਾਂ ਅਤੇ ਅੱਜ ਮਸੀਹ ਦਾ ਪਿਆਰ, ਕਿੰਨੇ ਲੋਕ ਇਸ ਛੋਟੇ ਗੀਤ ਨੂੰ ਜਾਣਦੇ ਹਨ, "ਉਹ ਤੁਹਾਡੀ ਫ਼ਿਕਰ ਕਰਦਾ ਹੈ"? ਤੁਹਾਨੂੰ ਪਤਾ ਹੈ? ਠੀਕ ਹੈ, ਆਓ ਦੇਖੀਏ ਕਿ ਕੀ ਸਾਨੂੰ ਇਹ ਮਿਲਦਾ ਹੈ। ਤੁਸੀਂ ਇਹ ਜਾਣਦੇ ਹੋ, ਭੈਣ? ਤੈਨੂੰ ਪਤਾ ਹੈ? ਹੁਣ:

ਉਹ ਤੁਹਾਡੀ ਫ਼ਿਕਰ ਕਰਦਾ ਹੈ,
ਉਹ ਤੁਹਾਡੀ ਫ਼ਿਕਰ ਕਰਦਾ ਹੈ;
ਧੁੱਪ ਜਾਂ ਛਾਂ ਵਿੱਚ,
ਉਹ ਤੁਹਾਡੀ ਫ਼ਿਕਰ ਕਰਦਾ ਹੈ।

ਔਹ, ਇਹ ਠੀਕ ਹੈ। ਚਲੋ ਹੁਣ ਇਸਦੀ ਦੁਬਾਰਾ ਕੋਸ਼ਿਸ਼ ਕਰੀਏ।

ਉਹ ਤੁਹਾਡੀ ਫ਼ਿਕਰ ਕਰਦਾ ਹੈ,
ਉਹ ਤੁਹਾਡੀ ਫ਼ਿਕਰ ਕਰਦਾ ਹੈ;
ਧੁੱਪ ਜਾਂ ਛਾਂ ਵਿੱਚ,
ਉਹ ਤੁਹਾਡੀ ਫ਼ਿਕਰ ਕਰਦਾ ਹੈ।

[ਟੇਪ ਉੱਤੇ ਖਾਲੀ ਥਾਂ—ਸੰਪਾ.]

2 ਸਾਡੇ ਸਵਰਗੀ ਪਿਤਾ, ਅਸੀਂ ਤੁਹਾਡਾ ਧੰਨਵਾਦ ਕਰਦੇ ਹਾਂ ਕਿ ਤੁਸੀਂ ਸਾਡੀ ਫ਼ਿਕਰ ਕਰਦੇ ਹੋ ਅਤੇ ਸਾਡੇ ਪ੍ਰਤੀ ਆਪਣਾ ਪਿਆਰ ਪ੍ਰਗਟ ਕੀਤਾ ਹੈ, ਏਥੋਂ ਤਕ ਕਿ ਤੁਸੀਂ ਆਪਣੇ ਪਿਆਰੇ ਪੁੱਤਰ ਨੂੰ ਭੇਜਿਆ...ਪਰਮੇਸ਼ੁਰ ਦਾ ਨਿਰਦੋਸ਼ ਪੁੱਤਰ, ਦੋਸ਼ੀ ਪਾਪੀਆਂ ਦੀ ਥਾਂ ਲੈਣ ਲਈ। ਅਸੀਂ ਤੁਹਾਡਾ ਕਿੰਨਾ ਧੰਨਵਾਦ ਕਰਦੇ ਹਾਂ, ਕਿ ਤੁਸੀਂ ਇਸ ਤਰ੍ਹਾਂ ਸਾਡੀ ਫ਼ਿਕਰ ਕੀਤੀ ਅਤੇ ਸਾਡਾ ਧਿਆਨ ਰੱਖਿਆ! ਅਤੇ ਅਸੀਂ ਬਹੁਤ ਸ਼ੁਕਰਗੁਜ਼ਾਰ ਹਾਂ, ਪ੍ਰਭੂ। ਅਸੀਂ ਅੱਜ ਦੁਪਹਿਰ ਨੂੰ ਇੱਥੇ ਇਕੱਠੇ ਹੋ ਕੇ ਖੁਸ਼ ਹਾਂ, ਅਸਮਾਨ ਦੀਆਂ ਛੱਤਾਂ ਹੇਠ, ਅਤੇ ਇਸ ਸਭਾ ਲਈ ਤੁਹਾਡੀਆਂ ਅਸੀਸਾਂ ਮੰਗਦੇ ਹਾਂ। ਬਖਸ਼ੋ, ਪ੍ਰਭੂ, ਕਿ ਹਰ ਆਦਮੀ, ਔਰਤ, ਲੜਕਾ ਜਾਂ ਲੜਕੀ ਜੋ ਇੱਥੇ ਹੈ, ਹੁਣ ਲਿਖਤਾਂ ਵਿੱਚ ਡੂੰਘਾਈ ਨਾਲ ਅਧਿਐਨ ਕਰੇ। ਅਸੀਂ ਅਜਿਹੇ ਸੰਸਾਰ ਦਾ ਸਾਹਮਣਾ ਕਰ ਰਹੇ ਹਾਂ ਜੋ ਸ਼ੈਤਾਨ ਦੁਆਰਾ ਨਿਯੰਤਰਿਤ ਕੀਤਾ ਜਾ ਰਿਹਾ ਹੈ। ਅਤੇ, ਪਿਤਾ, ਅਸੀਂ ਪ੍ਰਾਰਥਨਾ ਕਰਦੇ ਹਾਂ,

ਕਿ ਜਦੋਂ ਅਸੀਂ ਭੂਤਾਂ ਦੀ ਸ਼ਕਤੀ ਦਾ ਅਤੇ ਇਸ ਗੱਲ ਦਾ ਅਧਿਐਨ ਕਰ ਰਹੇ ਹਾਂ ਕਿ ਉਹ ਲੋਕਾਂ ਨਾਲ ਕੀ ਕਰਦੇ ਹਨ, ਤੁਸੀਂ ਸਾਨੂੰ ਵੱਡਾ ਵਿਸ਼ਵਾਸ ਦਿਓਗੇ, ਅਤੇ ਬਹੁਤ ਸਾਰੇ ਮਹਾਨ ਚਿੰਨ੍ਹ ਅਤੇ ਅਚੰਭੇ ਦਿਖਾਏ ਜਾ ਸਕਦੇ ਹਨ। ਕਿਉਂਕਿ, ਅਸੀਂ ਇਸਨੂੰ ਮਸੀਹ ਦੇ ਨਾਮ ਅਤੇ ਪਰਮੇਸ਼ੁਰ ਦੀ ਮਹਿਮਾ ਲਈ ਮੰਗਦੇ ਹਾਂ। ਆਮੀਨ।

3 ਅਸੀਂ, ਅੱਜ ਦੁਪਹਿਰ ਨੂੰ ਇੱਕ ਅਧਿਐਨ ਕਰ ਰਹੇ ਹਾਂ, ਇਸ ਵਿੱਚ ਜਲਦੀ, ਮੇਰਾ ਅੰਦਾਜ਼ਾ ਹੈ, ਲਗਭਗ ਪੰਦਰਾਂ ਮਿੰਟ ਪਹਿਲਾਂ। ਇਹ ਅਜੇ ਵੀ *ਭੂਤ ਵਿਗਿਆਨ* ਬਾਰੇ ਹੈ।

4 ਅਤੇ ਮੈਨੂੰ ਹੁਣੇ ਹੀ ਇੱਕ ਸੁਨੇਹਾ ਮਿਲਿਆ ਹੈ, ਕੁਝ ਸਮਾਂ ਪਹਿਲਾਂ; ਭਾਈ ਬੀਲਰ, ਮੇਰੇ ਦੋਸਤਾਂ ਤੋਂ। ਅਤੇ ਮੈਂ ਅਫ਼ਰੀਕਾ ਵਿੱਚ, ਜੁਲਾਈ ਦੇ ਮੱਧ ਵਿੱਚ ਸ਼ੁਰੂ ਕਰਾਂਗਾ। ਇਸ ਲਈ ਇਸ ਦਾ ਨਬੇੜ ਕਰ ਦਿੱਤਾ ਹੈ, ਅਸੀਂ ਹੁਣ ਇਸਨੂੰ ਤੈਅ ਕਰ ਲਿਆ ਹੈ। ਅਤੇ ਭਾਈ ਬੈਕਸਟਰ ਉਸ ਸਮੇਂ ਨਹੀਂ ਜਾ ਸਕਦਾ, ਇਸ ਲਈ ਮੈਨੂੰ ਆਪ ਹੀ ਅਫਰੀਕਾ ਜਾਣਾ ਪਏਗਾ। ਇਸ ਲਈ ਉੱਥੇ ਜਾ ਰਿਹਾ…ਹੋ ਸਕਦਾ ਹੈ…ਤੁਹਾਨੂੰ ਹੁਣ ਮੇਰੇ ਲਈ ਪ੍ਰਾਰਥਨਾ ਕਰਨੀ ਚਾਹੀਦੀ ਹੈ, ਕਿ ਪ੍ਰਭੂ ਮੇਰੀ ਸਹਾਇਤਾ ਕਰੇ, ਕਿਉਂਕਿ ਹੁਣ ਮੈਨੂੰ ਸੱਚਮੁੱਚ ਇਸਦੀ ਲੋੜ ਪਵੇਗੀ, ਉਥੇ ਉਨ੍ਹਾਂ ਵਿਚਕਾਰ…ਮੈਂ ਉਸ ਸਭਾ ਵਿੱਚ ਘੱਟੋ ਘੱਟ ਦੋ ਲੱਖ ਲੋਕਾਂ ਦੇ ਆਉਣ ਦੀ ਉਮੀਦ ਕਰ ਰਿਹਾ ਹੈ।

5 ਅਤੇ ਮੇਰੇ ਕੋਲ ਇੱਥੇ ਇੱਕ ਦਰਸ਼ਣ ਲਿਖਿਆ ਹੋਇਆ ਹੈ। ਮੈਂ ਚਾਹੁੰਦਾ ਹਾਂ ਕਿ ਤੁਸੀਂ ਲੋਕ ਇਸ ਦਾ ਲਾਭ ਪ੍ਰਾਪਤ ਕਰੋ। ਇਹ ਦਸੰਬਰ ਵਿੱਚ ਹੋਇਆ ਸੀ। ਮੈਂ ਇੱਕ ਸਵੇਰ ਕਮਰੇ ਵਿੱਚ ਸੀ ਜਦੋਂ ਪ੍ਰਭੂ ਦਾ ਦੂਤ ਅੰਦਰ ਆਇਆ। ਮੈਂ… ਤੁਸੀਂ ਜਾਣਦੇ ਹੋ, ਜਦੋਂ ਮੈਂ ਉੱਥੇ ਸੀ, ਮੈਂ ਪਰਮੇਸ਼ੁਰ ਦੀ ਅਣਆਗਿਆਕਾਰੀ ਕੀਤੀ, ਅਤੇ ਮੈਨੂੰ ਅਮੇਬਾ ਲੱਗ ਗਿਆ। ਕੋਈ ਵੀ ਆਦਮੀ ਜਾਣਦਾ—ਜਾਣਦਾ ਹੈ ਕਿ ਅਮੇਬਾ ਕੀ ਹੈ, ਇੱਕ ਪਰਜੀਵੀ ਜੋ…ਲਗਭਗ ਤੁਹਾਨੂੰ ਮਾਰ ਦਿੰਦਾ ਹੈ। ਅਤੇ ਕਿਉਂਕਿ ਮੈਂ ਕੁਝ ਅਜਿਹਾ ਕੀਤਾ ਹੈ ਜੋ ਪਰਮੇਸ਼ੁਰ ਨੇ ਮੈਨੂੰ ਨਾ ਕਰਨ ਲਈ ਕਿਹਾ ਸੀ। ਕਿੰਨਿਆਂ ਨੇ ਇਸ ਦੀ ਕਹਾਣੀ ਸੁਣੀ ਹੈ? ਮੇਰਾ ਅੰਦਾਜ਼ਾ ਹੈ ਕਿ ਤੁਹਾਡੇ ਵਿੱਚੋਂ ਕੁਝ ਇੱਥੇ ਹਨ। ਮੈਂ ਜਾਣਦਾ ਹਾਂ ਕਿ ਡੇਰੇ ਦੇ ਆਲੇ ਦੁਆਲੇ ਦੇ ਲੋਕਾਂ ਨੇ ਕਹਾਣੀ ਸੁਣੀ ਸੀ ਕਿ ਕੀ ਹੋਇਆ ਸੀ। ਪਰਮੇਸ਼ੁਰ ਨੇ ਮੈਨੂੰ ਇੱਕ ਜਗ੍ਹਾ ਜਾਣ ਲਈ ਕਿਹਾ ਸੀ, ਅਤੇ *ਇਸ* ਜਗ੍ਹਾ ਤੋਂ ਦੂਰ ਰਹਿਣ ਲਈ, ਅਤੇ ਕਿਸੇ ਹੋਰ ਥਾਂ ਤੇ ਵਾਪਸ ਜਾਣ ਲਈ ਕਿਹਾ ਸੀ। ਅਤੇ ਮੈਂ ਪ੍ਰਚਾਰਕਾਂ ਨੂੰ ਗੱਲਬਾਤ ਨਾਲ ਮੈਨੂੰ ਇਸ ਤੋਂ ਬਾਹਰ ਕਰਨ ਦਿੱਤਾ। ਹੁਣ, ਪ੍ਰਚਾਰਕ ਸ਼ਾਨਦਾਰ ਹਨ, ਅਤੇ ਉਹ ਮੇਰੇ ਭਰਾ ਹਨ, ਪਰ ਤੁਸੀਂ ਧਿਆਨ ਰੱਖੋ ਕਿ ਪਰਮੇਸ਼ੁਰ ਤੁਹਾਨੂੰ ਕੀ ਕਹਿੰਦਾ

ਹੈ। ਇਹ ਠੀਕ ਹੈ। ਸਮਝੇ? ਤੁਹਾਡੇ ਕੋਲ ਇੱਕ ਮਿਸ਼ਨ ਹੈ।

6 ਕਿੰਨਿਆਂ ਨੂੰ ਯਾਦ ਹੈ ਕਿ ਬਾਈਬਲ ਵਿਚ ਇਕ ਵਾਰ ਦੋ ਨਬੀ ਸਨ? ਅਤੇ ਉਨ੍ਹਾਂ ਵਿੱਚੋਂ ਇੱਕ, ਪ੍ਰਭੂ ਨੇ ਉਸਨੂੰ ਕਿਹਾ, ਕਿਹਾ, "ਤੁਸੀਂ ਕਿਸੇ *ਫਲਾਣੀ* ਥਾਂ ਤੇ ਜਾਓ। ਅਤੇ ਤੁਸੀਂ ਨਾ—ਨਾ ਆਓਣਾ...ਤੁਸੀਂ ਕਿਸੇ ਹੋਰ ਰਾਹ ਮੁੜ ਜਾਇਓ," ਅਤੇ ਇਸ ਤਰ੍ਹਾਂ। ਅਤੇ—ਅਤੇ ਕਿਹਾ, "ਜਦੋਂ ਤੁਸੀਂ ਉੱਥੇ ਹੋਵੋ ਤਾਂ ਤੁਸੀਂ ਨਾ ਖਾਣਾ ਅਤੇ ਨਾ ਹੀ ਪੀਣਾ।"

7 ਅਤੇ ਇੱਕ ਹੋਰ ਸੱਚਾ ਨਬੀ ਉਸ ਨੂੰ ਮਿਲਿਆ, ਅਤੇ ਕਿਹਾ, "ਤੁਹਾਨੂੰ ਮਿਲਣ ਤੋਂ ਬਾਅਦ ਪ੍ਰਭੂ ਮੈਨੂੰ ਮਿਲਿਆ।" ਅਤੇ ਕਿਹਾ, "ਮੇਰੇ ਘਰ ਆਓ।" ਅਤੇ ਨਬੀ ਨੇ ਦੂਜੇ ਦੀ ਗੱਲ ਸੁਣੀ, ਅਤੇ ਇਸ ਦੁਆਰਾ ਆਪਣੀ ਜਾਨ ਗੁਆ ਲਈ। ਦੇਖੋ, ਤੁਸੀਂ ਉਹੀ ਕਰੋ ਜੋ ਪਰਮੇਸ਼ੁਰ ਤੁਹਾਨੂੰ ਕਰਨ ਲਈ ਕਹਿੰਦਾ ਹੈ ਭਾਵੇਂ ਕੋਈ ਹੋਰ ਕੁਝ ਵੀ ਕਹੇ।

8 ਹੁਣ ਅਸੀਂ ਹਾਂ...ਇਸ ਦਰਸ਼ਨ ਵਿੱਚ, ਉਹ...ਇਸਨੇ ਮੈਨੂੰ ਜਗਾਇਆ, ਸਤੰਬਰ ਦੀ ਤੇਰਾਂ ਨੂੰ-...ਜਾਂ ਦਸੰਬਰ ਦੀ। ਅਤੇ—ਅਤੇ ਜਦੋਂ ਮੈਂ ਆਪਣੇ ਬਿਸਤਰੇ ਦੇ ਇੱਕ ਪਾਸੇ ਬੈਠ ਰਿਹਾ ਸੀ, ਮੈਂ ਸੋਚ ਰਿਹਾ ਸੀ ਕਿ ਮੇਰਾ ਭਵਿੱਖ ਕੀ ਹੋਵੇਗਾ। ਮੈਂ...ਜਦੋਂ ਮੈਂ ਇੱਥੇ ਵਾਪਸ ਆਇਆ, ਤਾਂ ਉਹ ਮੈਨੂੰ ਬਿਮਾਰਖਾਣੇ ਵਿੱਚ ਸੁੱਟਣ ਲਈ ਤਿਆਰ ਸਨ, ਪਰਜੀਵੀ ਕੀਟਾਣੂਆਂ ਨੇ ਮੈਨੂੰ ਬਿਮਾਰ ਕਰ ਦਿੱਤਾ ਸੀ। ਅਤੇ ਜਦੋਂ ਮੈਂ ਇਸ ਧਰਤੀ ਤੇ ਪੈਰ ਧਰਿਆ ਤਾਂ ਉਹਨਾਂ ਨੇ ਮੇਰੀ ਜਾਂਚ ਕੀਤੀ। ਅਤੇ, ਪਰਮੇਸ਼ੁਰ ਦੀ ਕਿਰਪਾ ਨਾਲ, ਉਨ੍ਹਾਂ ਨੇ ਮੈਨੂੰ ਘਰ ਜਾਣ ਦਿੱਤਾ, ਕਿਉਂਕਿ ਇਹ ਬਹੁਤ ਫੈਲਿਆ ਹੋਇਆ ਹੈ। ਅਤੇ ਮੈਂ ਪ੍ਰਾਰਥਨਾ ਕੀਤੀ, ਅਤੇ ਮੈਂ ਉਨ੍ਹਾਂ ਸੇਵਕਾਂ ਕੋਲ ਗਿਆ, ਮੈਂ ਕਿਹਾ, "ਯਹੋਵਾਹ ਨੇ ਮੈਨੂੰ ਇਸ ਪਾਸੇ ਨਾ ਜਾਣ ਲਈ ਕਿਹਾ ਹੈ।"

ਉਨ੍ਹਾਂ ਕਿਹਾ, "ਔਹ, ਪਰਮੇਸ਼ੁਰ ਨੇ ਤੇਰੇ ਤੋਂ ਅਲਾਵਾ ਕਿਸੇ ਹੋਰ ਨਾਲ ਗੱਲ ਕੀਤੀ ਹੈ।"

9 ਮੈਂ ਕਿਹਾ, "ਕੋਰਹ ਨੂੰ ਇੱਕ ਵਾਰ ਇਹ ਵਿਚਾਰ ਆਇਆ ਸੀ।" ਅਤੇ ਇਸ ਲਈ, ਪਰ ਮੈਂ ਗਿਆ ਅਤੇ ਕੁਝ ਪੱਤੇ ਲਏ ਅਤੇ ਉਨ੍ਹਾਂ ਦੇ ਪੈਰਾਂ ਤੇ ਰੱਖ ਦਿੱਤੇ, ਅਤੇ ਮੈਂ ਕਿਹਾ, "ਯਾਦ ਰੱਖਣਾ, ਪ੍ਰਭੂ ਦੇ ਨਾਮ ਵਿਚ, ਜੇਕਰ ਅਸੀਂ ਉਸ ਯਾਤਰਾ ਤੇ ਜਾਵਾਂਗੇ, ਤਾਂ ਇਹ ਅਸਫਲ ਹੋਵੇਗੀ, ਅਤੇ ਸਾਨੂੰ ਸਾਰਿਆਂ ਨੂੰ ਇਸਦਾ ਇਸਦਾ ਭੁਗਤਾਨ ਕਰਨਾ ਪਵੇਗਾ।" ਅਤੇ ਅਸੀਂ ਯਕੀਨਨ ਕੀਤਾ! ਔਹ, ਮੇਰੇ! ਅਸੀਂ ਸਾਰੇ ਮੋਇਆਂ ਜਿਹੇ ਹੋ ਗਏ ਸਾਂ। ਇਸ ਲਈ ਵਾਪਸ ਆਉਂਦੇ ਹੋਏ...

10 ਵਿਦੇਸ਼ੀ ਦੇਸ਼ਾਂ ਵਿੱਚ ਮੁਕਾਬਲਾ ਕਰਨ ਲਈ ਤੁਹਾਡੇ ਅੱਗੇ ਬਹੁਤ ਸਾਰੀਆਂ

ਚੀਜਾਂ ਹੁੰਦੀਆਂ ਹਨ। ਉਦਾਹਰਨ ਲਈ, ਇੱਕ ਛੋਟੀ ਜਿਹੀ ਮੱਖੀ ਤੁਹਾਨੂੰ ਡੰਗ ਦੇਵੇਗੀ, ਇਸ ਨਾਲ ਤੁਹਾਨੂੰ ਬੁਖਾਰ ਹੋ ਜਾਵੇਗਾ। ਅਤੇ ਉਹ ਛੋਟੀ ਜਿਹੀ ਚੀਜ਼, ਜਦੋਂ ਇਹ ਤੁਹਾਨੂੰ ਕੱਟਦੀ ਹੈ, ਜੇ ਤੁਸੀਂ ਆਪਣੇ ਆਪ ਤੇ ਖੁਰਕ ਮਹਿਸੂਸ ਕਰਦੇ ਹੋ, ਤਾਂ ਤੁਸੀਂ ਇਸ ਨੂੰ ਖੁਰਕ ਨਹੀਂ ਸਕਦੇ। ਤੁਸੀਂ ਦੇਖੋ, ਜੇ ਇਹ ਇੱਕ ਛੋਟੀ ਕਾਲੀ ਚੀਜ ਹੈ, ਤਾਂ ਇਸ ਨੂੰ ਖਿੱਚ ਕੇ ਬਾਹਰ ਨਾ ਕੱਢੋ। ਇਸ ਦਾ ਛੋਟਾ ਜਿਹਾ ਸਿਰ ਹੁੰਦਾ ਹੈ, ਇਹ ਚਮੜੀ ਵਿੱਚ ਸੁਰਾਖ ਕਰਕੇ ਆਪਣਾ ਰਸਤਾ ਬਣਾਉਂਦੀ ਹੈ, *ਇਸ* ਤਰ੍ਹਾਂ ਘੁੰਮਦਾ ਹੈ ਅਤੇ ਆਪਣੇ ਆਪ ਨੂੰ ਕੱਸਦਾ ਹੈ। ਜੇ ਤੁਸੀਂ ਇਸ ਨੂੰ ਖਿੱਚਦੇ ਹੋ, ਤਾਂ ਤੁਸੀਂ ਉਸ ਵਿੱਚੋਂ ਸਿਰ ਨੂੰ ਖਿੱਚ ਲਵੋਗੇ। ਇਸ ਵਿੱਚ ਇੱਕ ਰੋਗਾਣੂ ਹੈ, ਜੋ ਤੁਹਾਨੂੰ ਅਧਰੰਗ ਕਰ ਦੇਵੇਗਾ। ਇਸ ਲਈ ਉਹ...ਨਾ ਖੁਰਕੋ, ਜਾਂ ਉਸ ਨੂੰ ਖਿੱਚਣਾ ਨਹੀਂ; ਬਸ ਕੁਝ ਚਰਬੀ ਲਵੋ। ਅਤੇ ਉਹ ਆਪਣੀ ਪਿੱਠ ਰਾਹੀਂ ਸਾਹ ਲੈਂਦਾ ਹੈ। ਇਸ ਤੇ ਚਰਬੀ ਲਗਾ ਦਿਓ, ਅਤੇ ਉਹ ਬਾਹਰ ਆ ਜਾਵੇਗਾ।

11 ਫਿਰ ਉੱਥੇ ਇੱਕ ਛੋਟਾ ਜਿਹਾ ਮੱਛਰ ਹੈ। ਉਹ ਥੋੜਾ ਜਿਹਾ ਵੀ ਸ਼ੋਰ ਨਹੀਂ ਕਰਦਾ। ਉਹ ਸਿੱਧਾ ਹਵਾ ਵਿੱਚੋਂ ਆਉਂਦਾ ਹੈ, ਉਹ ਬਸ [ਭਾਈ ਬ੍ਰਨਹਾਮ ਆਪਣੇ ਹੱਥ ਨਾਲ ਤਾੜੀ ਵਜਾਉਂਦੇ ਹਨ—ਸੰਪਾ.] ਤੁਹਾਨੂੰ ਛੂਹੰਦਾ ਹੈ, ਬੱਸ, ਤੁਹਾਨੂੰ ਮਲੇਰੀਆ ਹੋ ਜਾਂਦਾ ਹੈ ।

12 ਅਤੇ—ਅਤੇ ਫਿਰ ਉੱਥੇ ਉਹ ਸੱਪ ਹੈ ਜਿਸ ਨੂੰ ਮਾਂਬਾ ਕਹਿੰਦੇ ਹਨ। ਜੇ ਉਹ ਤੁਹਾਨੂੰ ਡੰਗਦਾ ਹੈ, ਤਾਂ ਤੁਸੀਂ ਉਸ ਦੇ ਡੰਗ ਮਾਰਨ ਤੋਂ ਬਾਅਦ ਦੋ ਮਿੰਟ ਹੀ ਜਿਉਂਦੇ ਰਹਿੰਦੇ ਹੋ।

13 ਅਤੇ ਉੱਥੇ ਇੱਕ ਪੀਲਾ ਕੋਬਰਾ ਹੈ। ਤੁਸੀਂ ਉਸਦੇ ਡੰਗ ਮਾਰਨ ਤੋਂ ਬਾਅਦ ਲਗਭਗ ਪੰਦਰਾਂ ਮਿੰਟ ਤਕ ਹੀ ਜਿਉਂਦੇ ਰਹਿੰਦੇ ਹੋ। ਅਤੇ ਉਨ੍ਹਾਂ ਵਿੱਚੋਂ ਇੱਕ ਮੇਰੇ ਪੁੱਤਰ ਦੇ ਐਨਾ ਨੇੜੇ ਸੀ, ਕਿ ਉਹ ਆਪਣਾ ਹੱਥ ਉਸ ਦੇ ਸਿਰ ਤੇ ਰੱਖ ਸਕਦਾ ਸੀ। ਪਹਿਲਾਂ ਹੀ ਉੱਪਰ, ਹਮਲਾ ਕਰਨ ਲਈ, ਸਾਨੂੰ ਨਿਸ਼ਾਨਾ ਬਣਾਉਣ ਤੋਂ ਪਹਿਲਾਂ, ਇਸ ਤਰ੍ਹਾਂ।

14 ਅਤੇ ਉੱਥੇ ਕਾਲਾ ਕੋਬਰਾ ਹੈ। ਔਹ, ਉੱਥੇ ਬਸ ਸਭ ਕੁਝ ਹੈ! ਅਤੇ ਫਿਰ ਜਾਨਵਰਾਂ ਦੇ ਜੰਗਲੀ ਖ਼ਤਰੇ, ਬੇਸ਼ਕ, ਸ਼ੇਰ, ਬਾਘ ਜਾਂ ਚੀਤੇ, ਅਤੇ ਜੰਗਲ ਵਿੱਚ, ਮੁਕਾਬਲਾ ਕਰਨ ਲਈ ਹੋਰ ਸਭ ਕੁਝ। ਅਤੇ ਫਿਰ ਬਿਮਾਰੀਆਂ, ਉਥੇ ਹਰ ਕਿਸਮ ਦੀਆਂ ਬਿਮਾਰੀਆਂ ਹਨ।

15 ਅਤੇ ਜਦੋਂ ਤੁਸੀਂ ਜਾਂਦੇ ਹੋ ਤਾਂ ਤੁਹਾਡੇ ਕੋਲ ਸਾਹਮਣਾ ਕਰਨ ਲਈ ਇਹ ਸਭ ਕੁਝ ਹੈ। ਇਸ ਤੋਂ ਇਲਾਵਾ, ਫਿਰ ਉੱਥੇ ਤੁਹਾਨੂੰ ਹਰ ਪਾਸੇ ਚੁਣੌਤੀ ਦੇਣ ਲਈ ਜਾਦੂਗਰ ਹਨ, ਦੇਖੋ, ਅਤੇ ਉਹਨਾਂ ਦੇ ਸਾਰੇ ਅੰਧਵਿਸ਼ਵਾਸ ਅਤੇ ਚੀਜ਼ਾਂ।

ਪਰ, ਕਿਵੇਂ, ਸਾਡੇ ਪ੍ਰਭੂ ਨੂੰ ਇਸ ਨੂੰ ਲਹਿਰ ਕੇ ਪਰ੍ਹਾਂ ਕਰਦੇ ਹੋਏ ਵੇਖਣਾ ਕਿੰਨੀ ਅਦਭੁਤ ਚੀਜ਼ ਹੈ, ਇੱਕ ਪਾਸੇ ਤੋਂ ਦੂਜੇ ਪਾਸੇ, ਇਸ ਤਰ੍ਹਾਂ, ਫਿਰ ਅੱਗੇ ਵਧੋ।

ਅਤੇ ਮੈਨੂੰ ਉਹ ਦਿਨ ਯਾਦ ਹੈ, ਉੱਥੇ ਖੜੋ ਕੇ, ਕਿੰਨੀ ਚੰਗੀ ਤਰ੍ਹਾਂ, ਕੀ ਹੋਇਆ ਸੀ, ਮੈਂ ਤੁਹਾਨੂੰ ਕਿਸੇ ਹੋਰ ਮੁਲਾਕਾਤ ਵਿੱਚ ਦੱਸਾਂਗਾ, ਕਿਉਂਕਿ ਮੈਂ ਅੱਜ ਦੁਪਹਿਰ ਆਪਣੇ ਵਿਸ਼ੇਤੇ ਜਾਣਾ ਚਾਹੁੰਦਾ ਹਾਂ, ਜੋ *ਭੂਤ ਵਿਗਿਆਨ* ਹੈ।

16 ਪਰ ਹੁਣ, ਅਤੇ ਮੈਂ ਇਸ ਬਾਰੇ ਸੋਚ ਰਿਹਾ ਸੀ, ਉੱਥੇ ਬੈਠ ਕੇ, ਅੰਤ ਕੀ ਹੋਵੇਗਾ? ਅਤੇ ਸਮੁੰਦਰ ਦੇ ਪਾਰੋਂ ਵਾਪਸ ਆਉਂਦੇ ਹੋਏ, ਮੈਂ ਜਾਣਦਾ ਹਾਂ ਕਿ ਜਦੋਂ ਅਸੀਂ ਉੱਥੇ ਸੀ ਤਾਂ ਸਾਡੇ ਕੋਲ ਲਗਭਗ ਇੱਕ ਲੱਖ ਪਰਿਵਰਤਨ ਹੋਏ ਸਨ। ਅਤੇ ਬਜੁਰਗ ਭਾਈ ਬੋਸਵਰਥ ਮੇਰੇ ਕੋਲ ਆਇਆ। ਕਿਹਾ, ਮੈਂ ਕਿਹਾ, "ਖੈਰ, ਭਾਈ ਬੋਸਵਰਥ?"

17 ਉਸ ਨੇ ਕਿਹਾ, "ਮੈਨੂੰ ਤੁਹਾਡੇ ਤੇ ਬਹੁਤ ਮਾਣ ਹੈ, ਭਾਈ ਬ੍ਰਨਹਾਮ!" ਉਸ ਨੇ ਕਿਹਾ, "ਤੁਸੀਂ ਬਸ—ਤੁਸੀਂ ਬਸ ਜ਼ਿੰਦਗੀ ਦੀ ਸ਼ੁਰੂਆਤ ਵਿੱਚ ਹੋ," ਅਤੇ ਉਸ ਨੇ ਕਿਹਾ।

18 ਮੈਂ ਕਿਹਾ, "ਖੈਰ, ਮੇਰਾ ਅੰਦਾਜ਼ਾ ਹੈ ਕਿ ਇਹ ਸਭ ਖਤਮ ਹੋ ਗਿਆ ਹੈ।" ਮੈਂ ਕਿਹਾ, "ਮੈਂ ਚਾਲੀ ਸਾਲ ਤੋਂ ਉੱਪਰ ਹੋ ਗਿਆ ਹਾਂ। ਮੇਰਾ ਅੰਦਾਜ਼ਾ ਹੈ ਕਿ ਮੈਂ ਚੰਗੀ ਲੜਾਈ ਲੜੀ ਹੈ ਅਤੇ ਦੋੜ ਨੂੰ ਪੂਰਾ ਕੀਤਾ ਹੈ।"

19 ਉਸ ਨੇ ਕਿਹਾ, "'ਚਾਲੀ ਸਾਲਾਂ ਤੋਂ ਉੱਪਰ ਹੋ ਗਏ ਹੋ'?" ਉਸ ਨੇ ਕਿਹਾ, "ਪਰਿਵਰਤਿਤ ਹੋਣ ਤੋਂ ਪਹਿਲਾਂ ਮੈਂ ਇੰਨੇ ਚਿਰ ਦਾ ਸੀ।" ਉਸ ਨੇ ਕਿਹਾ, "ਮੈਂ ਅਜੇ ਵੀ ਚੰਗਾ ਚੱਲ ਰਿਹਾ ਹਾਂ।" ਉਹ ਆਪਣੇ ਅੱਸੀ ਵਿੱਚ ਜਾਣ ਦੇ ਨੇੜੇ ਸੀ। ਅਤੇ ਬਸ…

ਮੈਂ ਸੋਚਿਆ, "ਖੈਰ, ਸ਼ਾਇਦ ਇਹ ਸਹੀ ਹੈ।"

20 ਤਾਂ ਉਸਨੇ ਕਿਹਾ, "ਨਹੀਂ, ਤੁਸੀਂ ਬਸ ਬਿਲਕੁਲ ਨਵੇਂ ਬ੍ਰਨਹਾਮ ਹੋ। ਤੁਸੀਂ ਜਾਣਦੇ ਹੋ ਕਿ ਤੁਹਾਡੀਆਂ ਸਭਾਵਾਂ ਨੂੰ ਕਿਵੇਂ ਬਿਹਤਰ ਢੰਗ ਨਾਲ ਨਿਯੰਤਰਿਤ ਕਰਨਾ ਹੈ, ਅਤੇ ਸਭ ਕੁਝ।" ਉਸ ਨੇ ਕਿਹਾ, "ਜੇ ਤੁਸੀਂ ਕਦੇ ਅਮਰੀਕਾ ਤੇ ਇਸਦੇ ਸਹੀ ਤਰੀਕੇ ਨਾਲ ਹਮਲਾ ਕਰੋ, ਸਹੀ ਤਰ੍ਹਾਂ ਰੱਖੀ ਹੋਈ ਸਭਾ ਦੇ ਨਾਲ, ਜਿੱਥੇ ਤੁਸੀਂ ਇੱਕ ਜਗ੍ਹਾ ਵਿੱਚ ਛੇ ਜਾਂ ਅੱਠ ਹਫ਼ਤੇ ਰਹਿ ਸਕਦੇ ਹੋ, ਅਤੇ ਇਸਨੂੰ ਤਿਆਰ ਕਰੋ ਅਤੇ ਆਲੇ ਦੁਆਲੇ ਇਸ਼ਤਿਹਾਰ ਦਿਓ," ਕਿਹਾ, "ਤੁਸੀਂ ਕੁਝ ਕਰੋਗੇ, ਪਰ, ਅਤੇ ਸਾਡੇ ਪ੍ਰਭੂ ਲਈ।" ਇਸ ਲਈ ਅਸੀਂ ਅੱਗੇ ਵਧੇ, ਉਸੇ ਤਰ੍ਹਾਂ, ਇਸ ਲਈ ਇਹ ਬਹੁਤ—ਬਹੁਤ ਚੰਗਾ ਸੀ।

21 ਫਿਰ ਥੋੜੀ ਦੇਰ ਬਾਅਦ, ਮੈਂ ਇੱਕ ਦਰਸ਼ਣ ਦੇਖਿਆ, ਜਦੋਂ ਮੈਂ ਅਮਰੀਕਾ ਵਿੱਚ ਸੀ, ਅਤੇ ਇਹ ਮੇਰੇ ਕੋਲ ਆਇਆ, ਅਤੇ ਮੈਨੂੰ ਵਾਪਸ ਅਫਰੀਕਾ

ਵਿੱਚ ਲੈ ਆਇਆ, ਅਤੇ ਇਸਨੇ ਮੈਨੂੰ ਉਹੀ ਸਭਾ ਦਿਖਾਈ, ਜੋ ਡਰਬਨ ਦੇ ਸਾਹਮਣੇ ਸੀ। ਅਤੇ ਪਹਿਲੀ ਸਭਾ ਇਤਿਹਾਸ ਵਿੱਚ ਅਲੋਪ ਹੋ ਗਈ, ਪੱਛਮ ਵਲ ਜਾਂਦੇ ਹੋਏ। ਦੂਜੀ ਸਭਾ ਉੱਪਰ ਉੱਠੀ ਅਤੇ, ਜਦੋਂ ਇਹ ਉੱਠੀ, ਇਹ ਅਜੇ ਵੀ ਪਹਿਲੀ ਸਭਾ ਨਾਲੋਂ ਵੱਡੀ ਸੀ। ਅਤੇ ਉਹ...ਮੈਂ ਇੱਕ ਚੀਕ ਸੁਣੀ, ਅਤੇ ਇੱਕ ਦੂਤ ਸਵਰਗ ਵਿੱਚੋਂ ਬਾਹਰ ਆ ਰਿਹਾ ਸੀ; ਉਸ ਕੋਲ ਇੱਕ ਵੱਡੀ ਰੋਸ਼ਨੀ ਸੀ।

22 ਅਤੇ ਪ੍ਰਭੂ ਦਾ ਦੂਤ ਜੋ ਇੱਥੇ ਸਾਡੇ ਨਾਲ ਖੜ੍ਹਾ ਹੈ, ਖੜ੍ਹਾ ਸੀ-...ਹਮੇਸ਼ਾ ਮੇਰੇ ਸੱਜੇ ਪਾਸੇ ਖੜ੍ਹਾ ਹੁੰਦਾ ਹੈ, *ਇਸ* ਵਾਲੇ ਪਾਸੇ। ਅਤੇ ਇਹ ਉੱਥੇ ਖੜ੍ਹਾ ਸੀ, ਅਤੇ ਇਹ—ਇਹ ਆਲੇ ਦੁਆਲੇ ਫਿਰ ਰਿਹਾ ਸੀ। ਅਤੇ ਮੈਂ ਇਸ ਆਦਮੀ ਨੂੰ ਉਸਦੇ ਹੇਠਾਂ ਖੜ੍ਹਾ ਦੇਖਿਆ। ਉਹ—ਉਹ ਨਹੀਂ ਹੈ...ਹੁਣ, ਜਦੋਂ ਤੁਸੀਂ ਉਸਨੂੰ ਦੇਖਦੇ ਹੋ ਤਾਂ ਇਹ ਦਰਸ਼ਨ ਨਹੀਂ ਹੈ। ਇਹ ਓਨਾ ਹੀ ਅਸਲੀ ਹੈ ਜਿੰਨਾ ਤੁਸੀਂ ਮੈਨੂੰ ਦੇਖ ਰਹੇ ਹੋ। ਕਿਉਂ, ਤੁਸੀਂ ਉਸਨੂੰ ਤੁਰਦੇ ਅਤੇ ਤੁਹਾਡੇ ਨਾਲ ਗੱਲ ਕਰਦੇ ਸੁਣ ਸਕਦੇ ਹੋ। ਅਤੇ ਜਦੋਂ ਉਹ...ਕੁਝ ਵੀ, ਇਹ ਬਿਲਕੁਲ ਅਸਲੀ ਹੈ। ਅਤੇ ਇਹ ਇੱਕ ਦਰਸ਼ਨ ਨਹੀਂ ਹੈ; ਆਦਮੀ ਉੱਥੇ ਹੀ ਖੜ੍ਹਾ ਹੈ ਜਿਵੇਂ ਤੁਸੀਂ ਖੜ੍ਹੇ ਹੋ। ਅਤੇ ਉਸਦੀ ਆਵਾਜ਼ ਉਸੇ ਵਰਗੀ ਹੈ ਹੈ ਜਿਵੇਂ ਮੇਰੀ ਜਾਂ ਤੁਹਾਡੀ ਹੈ। ਪਰ ਇੱਕ ਦਰਸ਼ਣ, ਕੁਝ ਅਜਿਹਾ ਜੋ ਤੁਹਾਡੇ ਸਾਹਮਣੇ ਫੁੱਟ ਨਿਕਲਦਾ ਹੈ ਅਤੇ ਤੁਸੀਂ ਇਸਨੂੰ ਦੇਖਦੇ ਹੋ, ਇਸ ਤਰ੍ਹਾਂ। ਪਰ ਇਹ ਆਦਮੀ ਬਸ ਤੁਰ ਕੇ ਆਉਂਦਾ ਹੈ ਅਤੇ ਉੱਥੇ ਖੜ੍ਹਾ ਹੋ ਜਾਂਦਾ ਹੈ।

23 ਇਸ ਲਈ ਉਸਨੇ ਮੈਨੂੰ ਦੱਸਿਆ ਕਿ...ਕੀ ਹੋਣ ਜਾ ਰਿਹਾ ਸੀ। ਅਤੇ ਉਸਨੇ ਕਿਹਾ ਕਿ...ਇਹ ਦੂਤ ਹੇਠਾਂ ਆਇਆ, ਅਤੇ ਉਸਨੇ ਮੈਨੂੰ ਮੁੜਨ ਅਤੇ *ਇਸ* ਪਾਸੇ ਵੱਲ ਵੇਖਣ ਲਈ ਕਿਹਾ। ਅਤੇ ਇਹ ਹੁਣ, ਭਾਰਤ ਵੱਲ ਵੇਖ ਰਿਹਾ ਸੀ। ਮੈਂ ਇਹ ਨਹੀਂ ਕਹਿੰਦਾ ਕਿ ਇਹ ਭਾਰਤ ਵਿੱਚ ਹੈ, ਪਰ ਇਹ ਨੇੜੇ ਹੈ। ਪਰ ਉਹ ਭਾਰਤੀ ਲੋਕ ਸਨ।

24 ਕਿਉਂਕਿ, ਅਫਰੀਕੀ ਲੋਕ ਵੱਡੇ ਹਨ, ਗਠੀਲੇ, ਭਾਰੇ ਚਰਬੀ-ਵਾਲੇ ਲੋਕ ਹਨ। ਉਨ੍ਹਾਂ ਵਿੱਚੋਂ ਕੁਝ ਤਾਂ ਲਗਭਗ ਸੱਤ-ਫੁੱਟ ਲੰਬੇ ਹਨ, ਅਤੇ ਵਜ਼ਨ, ਔਹ, ਦੋ ਸੌ ਅੱਸੀ, ਤਿੰਨ ਸੌ ਪੌਂਡ, ਗਠੀਲੇ ਹਨ। ਜ਼ੁਲਸ, ਹੁਣ, ਸ਼ੁੰਘੀ ਅਤੇ ਬਾਸੁਤੋਸ, ਅਤੇ, ਔਹ, ਉੱਥੇ ਬਹੁਤ ਸਾਰੇ ਵੱਖ-ਵੱਖ ਕਬੀਲੇ ਹਨ। ਉਸ ਦਿਨ ਉਥੇ ਪੰਦਰਾਂ ਵੱਖ-ਵੱਖ ਕਬੀਲੇ ਬੈਠੇ ਹੋਏ ਸਨ, ਜਿਨ੍ਹਾਂ ਨਾਲ ਮੈਂ ਗੱਲ ਕਰ ਰਿਹਾ ਸੀ।

25 ਮੈਂ ਇੱਕ ਸ਼ਬਦ ਕਹਿੰਦਾ ਸੀ, ਜਿਵੇਂ, "ਯਿਸੂ ਮਸੀਹ, ਪਰਮੇਸ਼ੁਰ ਦਾ ਪੁੱਤਰ।" ਮੈਂ ਸਾਰੇ ਤਰਜਮਾ ਕਰਨ ਵਾਲਿਆਂ ਦੇ ਤਰਜਮਾ ਕਰਨ ਤੋਂ ਪਹਿਲਾਂ ਪਾਣੀ ਪੀਣ ਲਈ ਜਾ ਸਕਦਾ ਸੀ। ਕੋਈ ਕੁਝ ਕਹਿੰਦਾ...ਅਤੇ ਸਾਰਾ ਸ਼ੋਰ!

ਮੈਂ ਸੋਚਦਾ ਸੀ, ਜਦੋਂ ਮੈਂ ਪੈਂਟੀਕੋਸਟਲ ਲੋਕਾਂ ਨੂੰ ਗੈਰ ਜੁਬਾਨਾਂ ਵਿੱਚ ਬੋਲਦੇ ਸੁਣਿਆ, ਹੋ ਸਕਦਾ ਹੈ ਕਿ ਕੋਈ ਇੱਕ ਤਰ੍ਹਾਂ ਦੀ ਆਵਾਜ਼ ਵਿੱਚ ਬੋਲ ਰਿਹਾ ਹੋਵੇ ਅਤੇ ਦੂਸਰਾ ਕਿਸੇ ਹੋਰ ਵਿੱਚ, ਸੰਸਾਰ ਵਿੱਚ ਇਹ ਕਿਵੇਂ ਹੋ ਸਕਦਾ ਹੈ? ਪਰ ਮੈਂ ਵਿਸ਼ਵਾਸ ਕਰਦਾ ਹਾਂ ਕਿ ਬਾਈਬਲ ਸਹੀ ਹੈ, ਅਤੇ ਮੈਂ ਜਾਣਦਾ ਹਾਂ ਕਿ ਇਹ ਹੈ, ਜਦੋਂ ਇਸ ਨੇ ਕਿਹਾ, "ਕੋਈ ਬੋਲੀ ਵਿਅਰਥ ਨਹੀਂ ਹੈ।" ਇਹ ਠੀਕ ਹੈ।

ਉਨ੍ਹਾਂ ਵਿਚੋਂ ਕੋਈ ਕਹੇਗਾ, ਉਨ੍ਹਾਂ ਵਿਚੋਂ ਇਕ ਜਾਉ, "ਬਲੁਰ ਬਲੁਰ ਬਲੁਰ ਬਲੁਰ," ਜਿਸਦਾ ਮਤਲਬ ਸੀ "ਯਿਸੂ ਮਸੀਹ, ਪਰਮੇਸ਼ੁਰ ਦਾ ਪੁੱਤਰ।" ਇੱਕ ਹੋਰ ਬੋਲਦਾ, "ਕਲਕ ਕਲਕ ਕਲਕ ਕਲਕ," ਜੋ ਸੀ "ਯਿਸੂ ਮਸੀਹ, ਪਰਮੇਸ਼ੁਰ ਦਾ ਪੁੱਤਰ," ਉਸਦੀ ਭਾਸ਼ਾ ਵਿੱਚ। ਇਸ ਲਈ ਕੋਈ ਫਰਕ ਨਹੀਂ ਪੈਂਦਾ ਕਿ ਇਹ ਕਿਸ ਕਿਸਮ ਦੀ ਬੋਲੀ ਹੈ, ਇਸ ਦਾ ਕਿਤੇ ਨਾ ਕਿਤੇ ਇੱਕ ਅਰਥ ਹੈ। ਇਹ ਠੀਕ ਹੈ। ਕੋਈ ਫਰਕ ਨਹੀਂ ਪੈਂਦਾ ਕਿ ਇਹ ਕਿਸ ਤਰ੍ਹਾਂ ਦਾ ਰੌਲਾ ਹੈ, ਇਸਦਾ ਕਿਤੇ ਨਾ ਕਿਤੇ ਕਿਸੇ ਲਈ ਕੁਝ ਅਰਥ ਹੁੰਦਾ ਹੈ। ਅਤੇ ਜਦੋਂ ਉਹ... ਉਹ ਇਸ ਨੂੰ ਬਾਹਰ ਦੇ ਦਿੰਦੇ ਸਨ।

26 ਅਤੇ ਮੈਂ ਦੇਖਿਆ ਕਿ ਮੇਰੇ ਖੱਬੇ ਪਾਸੇ, ਜਦੋਂ ਉਹ ਦੂਤ ਹੇਠਾਂ ਆਇਆ ਅਤੇ ਮੈਂ ਉੱਥੇ ਇੱਕ ਝੁਰਮਟ-ਜਿਹਾ ਦੇਖਿਆ, ਅਤੇ ਉਹ ਆਦਮੀ ਸਨ...ਇੰਝ ਲੱਗਦਾ ਸੀ ਜਿਵੇਂ ਉਹਨਾਂ ਦੇ ਦੁਆਲੇ ਇੱਕ—ਇੱਕ ਇੱਕ ਚਾਦਰ ਸੀ, *ਇਸ* ਤਰ੍ਹਾਂ, ਅਤੇ ਲਪੇਟ ਕੇ ਬੰਨ੍ਹੀ ਹੋਈ ਸੀ, ਜਿਵੇਂ ਕਿ ਇੱਕ ਛੋਟੇ ਬੱਚੇ ਦੇ ਆਲੇ ਦੁਆਲੇ, ਤੌਲੀਆ। ਅਤੇ ਇਹ ਸੀ। ਅਤੇ ਮੈਂ ਜਿੱਥੋਂ ਤੱਕ ਵੀ ਦੇਖ ਸਕਦਾ ਸੀ, ਲੋਕਾਂ ਤੋਂ ਇਲਾਵਾ ਕੁਝ ਵੀ ਨਹੀਂ ਸੀ। ਅਤੇ ਫਿਰ ਇਸ ਦੂਤ ਨੇ ਇੱਕ ਵੱਡੀ ਹਿੱਲਦੀ ਹੋਈ ਰੋਸ਼ਨੀ ਨੂੰ ਚਾਲੂ ਕੀਤਾ, ਅਤੇ *ਇਸ* ਤਰ੍ਹਾਂ ਅੱਗੇ ਅਤੇ ਪਿੱਛੇ ਹਿੱਲਾਉਣਾ ਸ਼ੁਰੂ ਕਰ ਦਿੱਤਾ। ਅਤੇ ਮੈਂ ਆਪਣੀ ਜ਼ਿੰਦਗੀ ਵਿਚ ਇੰਨੇ ਸਾਰੇ ਲੋਕਾਂ ਨੂੰ ਕਦੇ ਨਹੀਂ ਦੇਖਿਆ!

27 ਅਤੇ ਫਿਰ ਇਹ ਦੂਜਾ ਦੂਤ ਮੇਰੇ ਬਹੁਤ ਜਿਆਦਾ ਨੇੜੇ ਆਇਆ, ਅਤੇ ਉਸਨੇ ਕਿਹਾ, "ਉਸ ਸਭਾ ਵਿੱਚ ਉਨ੍ਹਾਂ ਵਿੱਚੋਂ ਤਿੰਨ ਲੱਖ ਹਨ।" ਅਤੇ ਮੈਂ ਇਸਨੂੰ ਇੱਥੇ ਲਿਖਿਆ ਹੋਇਆ ਹੈ। ਅਤੇ ਤੁਸੀਂ ਇਸਨੂੰ ਕਿਸੇ ਕਿਸਮ ਦੇ ਕਾਗਜ਼ ਦੇ ਟੁਕੜੇ ਵਿੱਚ ਲਿਖ ਲਵੋ, ਜਿਵੇਂ ਮੈਂ ਫਿਨਲੈਂਡ ਵਿੱਚ ਛੋਟੇ ਮੁੰਡੇ ਦੇ ਮੁੜ ਜੀ ਉੱਠਣ ਬਾਰੇ ਦੱਸਿਆ ਸੀ। ਤੁਸੀਂ ਇਸ ਨੂੰ ਆਪਣੀ ਬਾਈਬਲ ਦੇ ਖਾਲੀ ਪੰਨੇ ਤੇ ਜਾਂ ਕਿਤੇ ਲਿਖ ਲਵੋ, ਕਿ ਇਸ ਸਭਾ ਵਿੱਚ (ਇੱਕ ਸਭਾ ਹੋਣ ਜਾ ਰਹੀ ਹੈ। ਅਤੇ ਤੁਸੀਂ ਇਸਨੂੰ ਕਿਸੇ ਕੇਂਦਰ ਰਾਹੀਂ ਸੁਣੋਗੇ।) ਉਸ ਸਭਾ ਵਿੱਚ ਤਿੰਨ ਲੱਖ ਲੋਕ ਸ਼ਾਮਲ ਹੋਣਗੇ। ਹੁਣ, ਦੇਖੋ ਕਿ ਕੀ ਇਹ ਸਹੀ ਨਹੀਂ ਹੈ। ਇਹ

ਦੂਜੀ ਸਭਾ ਦੇ ਆਕਾਰ ਦਾ ਤਿੰਨ ਗੁਣਾ ਹੋਵੇਗਾ। ਦੇਖੋ? ਸਭਾ ਵਿੱਚ ਤਿੰਨ ਲੱਖ ਲੋਕ ਸ਼ਾਮਲ ਹੋਣਗੇ। ਅਤੇ ਮੈਂ ਉੱਥੇ ਪਹੁੰਚਣ ਲਈ ਬਹੁਤ ਖੁਸ਼ ਹਾਂ, ਮੈਨੂੰ ਨਹੀਂ ਪਤਾ ਕਿ ਕੀ ਕਰਨਾ ਹੈ, ਕਿਉਂਕਿ ਮੈਂ ਆਪਣੇ ਪ੍ਰਭੂ ਲਈ ਰੂਹਾਂ ਨੂੰ ਜਿੱਤਣਾ ਪਸੰਦ ਕਰਦਾ ਹਾਂ।

28 ਅਤੇ ਉੱਥੇ, ਇੱਕ ਵਾਰ ਵਿੱਚ, ਤੀਹ ਹਜ਼ਾਰ ਅਨਪੜ੍ਹ ਅਧਰਮੀਆਂ ਨੂੰ ਯਿਸੂ ਮਸੀਹ ਕੋਲ ਆਉਂਦੇ ਦੇਖਣਾ—ਦੇਖਣਾ। ਇੱਕ ਜਗਵੇਦੀ ਦੀ ਪੁਕਾਰ ਵਿੱਚ, ਤੀਹ ਹਜ਼ਾਰ ਅਨਪੜ੍ਹ ਅਧਰਮੀ।

29 ਹੁਣ ਜਲਦੀ ਨਾਲ ਆਪਣੇ ਵਿਸ਼ੇ ਵੱਲ ਚੱਲੀਏ। ਕੱਲ੍ਹ ਅਸੀਂ ਭੂਤਾਂ ਦੀ ਤਕਨੀਕ ਦਾ ਅਧਿਐਨ ਕੀਤਾ ਸੀ। ਮੈਂ ਅੱਜ ਸੋਚ ਰਿਹਾ ਹਾਂ, ਜਿਵੇਂ ਪਰਮੇਸ਼ੁਰ ਪੇਸ਼ ਆ ਰਿਹਾ ਹੈ। ਤੁਸੀਂ ਨਹੀਂ ਜਾਣਦੇ ਕਿ ਬਾਹਰ ਨਿਕਲਣਾ ਕਿਹੋ ਜਿਹੀ ਆਜ਼ਾਦੀ ਹੈ। ਹੁਣ, ਮੈਂ ਸਿਖਿਅਕ ਨਹੀਂ ਹਾਂ। ਮੈਂ ਇੱਕ—ਇੱਕ ਬਾਈਬਲ ਵਿਆਖਿਆਕਾਰ ਬਣਨ ਤੋਂ ਬਹੁਤ ਦੂਰ ਹਾਂ। ਅਤੇ ਮੈਂ ਹਾਂ…ਮੇਰੀ ਪੜ੍ਹਾਈ ਸੱਤਵੀਂ ਜਮਾਤ ਤੱਕ ਸੀਮਤ ਹੈ। ਇਸ ਲਈ ਇਹ ਹੈ…ਅਤੇ, ਇਹ ਕਿ, ਮੈਂ ਲਗਭਗ ਪੱਚੀ ਸਾਲ ਪਹਿਲਾਂ ਸਕੂਲ ਤੋਂ ਬਾਹਰ ਆਇਆ ਸੀ, ਇਸ ਲਈ ਇਹ ਬਹੁਤ ਲੰਬਾ ਸਮਾਂ ਹੈ। ਅਤੇ ਮੇਰੇ ਕੋਲ ਬਹੁਤ ਜ਼ਿਆਦਾ ਸਿੱਖਿਆ ਨਹੀਂ ਹੈ, ਪਰ ਜੋ ਮੈਂ ਜਾਣਦਾ ਹਾਂ ਉਹ ਉਹੀ ਹੈ ਜੋ ਮੈਂ ਪ੍ਰੇਰਨਾ ਦੁਆਰਾ ਪ੍ਰਾਪਤ ਕਰਦਾ ਹਾਂ। ਅਤੇ ਜੇਕਰ ਉਹ ਪ੍ਰੇਰਨਾ ਬਾਈਬਲ ਨਾਲ ਮੇਲ ਨਹੀਂ ਖਾਂਦੀ, ਤਾਂ ਇਹ ਗਲਤ ਹੈ। ਸਮਝੇ? ਇਹ ਬਾਈਬਲ ਹੋਣੀ ਚਾਹੀਦੀ ਹੈ। ਕੋਈ ਫ਼ਰਕ ਨਹੀਂ ਪੈਂਦਾ ਕਿ ਇਹ ਕਿਹੜੀ ਪ੍ਰੇਰਣਾ ਹੈ, ਇਹ ਆਉਣਾ ਹੈ…*ਇੱਥੇ* ਪਰਮੇਸ਼ੁਰ ਦੀ ਨੀਂਹ ਹੈ। ਇਸ ਤੋਂ ਇਲਾਵਾ ਹੋਰ ਕੋਈ ਨੀਂਹ ਨਹੀਂ ਰੱਖੀ ਗਈ। ਅਤੇ ਇਹ ਕੀ ਹੈ, ਜੇ ਮੈਂ ਜੋ ਕਹਾਂ ਉਹ ਇਸ ਦੇ ਉਲਟ ਹੈ, ਤੁਸੀਂ ਮੇਰੇ ਸ਼ਬਦਾਂ ਨੂੰ ਝੂਠ ਹੋਣ ਦਿਓ, ਕਿਉਂਕਿ ਇਹ ਸੱਚ ਹੈ। ਦੇਖੋ? ਦੇਖੋ? ਅਤੇ ਜੇ ਕੋਈ ਦੂਤ ਤੁਹਾਨੂੰ ਕੁਝ ਦੱਸਦਾ ਹੈ ਜੋ ਇਸ ਤੋਂ ਵੱਖਰਾ ਹੈ, ਪੌਲੁਸ ਨੇ ਕਿਹਾ, "ਉਹ ਤੁਹਾਡੇ ਲਈ ਸਰਾਪਤ ਹੋਵੇ," ਪ੍ਰਕਾਸ਼ ਦਾ ਇੱਕ ਦੂਤ ਵੀ। ਹੁਣ, ਇੱਥੇ ਬਹੁਤ ਸਾਰੀਆਂ ਮਹਾਨ ਚੀਜ਼ਾਂ ਹਨ। ਮੈਂ ਸਿਰਫ…ਕੇਵਲ…ਮੈਂ ਦੋ ਦਿਨ ਚੁਣੇ ਹਨ, ਤਾਂ ਜੋ ਵਿਸ਼ੇ ਨੂੰ ਲੋਕਾਂ ਤੱਕ ਪਹੁੰਚਾਵਾਂ, ਜੋ ਕਿ ਕੱਲ੍ਹ ਅਤੇ ਅੱਜ ਸੀ, ਦੁਪਹਿਰ ਦੀਆਂ ਸਭਾਵਾਂ ਦਾ।

30 ਹੁਣ, ਮੇਰਾ ਅਜਿਹਾ ਕਰਨ ਦਾ ਕਾਰਨ, ਆਪਣੇ ਆਪ ਨੂੰ ਇਹ ਦੇਖਣ ਲਈ ਥੋੜ੍ਹੀ ਜਿਹੀ ਕੋਸ਼ਿਸ਼ ਕਰ ਰਿਹਾ ਹਾਂ ਹੈ ਕਿ ਕੀ ਪਰਮੇਸ਼ੁਰ ਮੇਰੀ ਮਦਦ ਕਰੇਗਾ। ਮੇਰੇ ਦਿਲ ਵਿੱਚ ਕੁਝ ਹੈ। ਅਤੇ ਇਹ ਹੈ, ਕਿ, ਇਸ ਮਹਾਨ ਸੰਦੇਸ਼ ਦੇ ਬਾਅਦ, ਅਤੇ ਖੁਦ ਪਰਮੇਸ਼ੁਰ ਦੁਆਰਾ ਇਸਦੀ ਪੁਸ਼ਟੀ ਕਰਨ ਤੋਂ ਬਾਅਦ ਕਿ ਜੋ ਮੈਂ ਕਿਹਾ ਉਹ ਸੱਚ ਹੈ, ਉਸਦੇ ਵਚਨ ਵਿੱਚ; ਉਸਦੇ ਵਚਨ ਦੁਆਰਾ,

ਪਹਿਲਾਂ, ਅਤੇ ਫਿਰ ਚਿਨ੍ਹਾਂ ਅਤੇ ਅਚਰਜ ਕੰਮਾਂ ਦੁਆਰਾ। ਹੁਣ, ਮੈਂ ਸੋਚਦਾ ਹਾਂ, ਕਲਿਸਿਯਾ ਨੂੰ ਖੁਸ਼ਖਬਰੀ ਦੇ ਸੱਚ ਦੇ ਨਾਲ, ਮੈਂ ਇਸ ਫਰਜ ਦੀ ਅਧੀਨ ਹਾਂ, ਪਰਮੇਸ਼ੁਰ ਲਈ, ਕਿ ਇਸ ਨੂੰ ਕਲਿਸਿਯਾ ਦੇ ਲਈ ਲਿਆਵਾਂ। ਇਹ ਠੀਕ ਹੈ। ਉਹ ਬਹੁਤ ਟੁੱਟ ਗਏ ਹਨ, ਬਹੁਤ ਸਾਰੇ ਸਾਰੇ ਵੱਖ-ਵੱਖ ਸੰਗਠਨਾਂ ਵਿੱਚ ਅਤੇ ਇਸਦੇ ਸੰਪਰਦਾਇਕ ਹਿੱਸਿਆਂ ਵਿੱਚ, ਇਹ ਇੱਥੋਂ ਤੱਕ ਇਹ ਗਲਤ ਹੋ ਗਿਆ ਹੈ। ਜਦੋਂ ਅਸੀਂ ਦੁਬਾਰਾ ਜਨਮ ਲੈਂਦੇ ਹਾਂ ਤਾਂ ਅਸੀਂ ਸਾਰੇ ਪਰਮੇਸ਼ੁਰ ਦੇ ਬੱਚੇ ਹਾਂ, ਉਹ, ਦੇਖੋ। ਅਤੇ ਗੱਲ ਦੀ ਸੱਚਾਈ ਇਹ ਹੈ ਕਿ ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਇਹ ਜਾਣੀਏ, ਕਿ ਅਸੀਂ ਉਸਦੇ ਬੱਚੇ ਹਾਂ।

31 ਹੁਣ, ਯਾਦ ਕਰੋ, ਸੁਲੇਮਾਨ ਦੇ ਮੰਦਰ ਨੂੰ ਤਰਾਸ਼ਿਆ ਗਿਆ ਸੀ, ਸਾਰੇ ਸੰਸਾਰ ਵਿੱਚੋਂ। ਅਤੇ ਉੱਥੇ ਇੱਕ ਚੱਟਾਨ *ਇਸ* ਪਾਸੇ ਨੂੰ ਮੁੜੀ ਹੋਈ ਆਈ, ਅਤੇ ਇੱਕ ਚੱਟਾਨ *ਉਸ* ਪਾਸੇ ਮੁੜੀ ਹੋਈ, ਅਤੇ ਇੱਕ *ਇਸ* ਤਰ੍ਹਾਂ ਕੱਟੀ ਗਈ, ਅਤੇ ਇੱਕ *ਉਸ* ਪਾਸੇ ਕੱਟੀ ਗਈ, ਪਰ, ਜਦੋਂ ਇਹ ਇਕੱਠੀਆਂ ਹੋਈਆਂ, ਉੱਥੇ ਇੱਕ ਵੀ ਆਰੇ ਦੀ ਆਵਾਜ ਨਹੀਂ ਸੀ, ਨਾ ਹੀ ਕਿਸੇ ਹਥੌੜੇ ਦੀ ਆਵਾਜ਼, ਸਭ ਕੁਝ ਸਿੱਧਾ ਆਪਣੀ ਥਾਂ ਵਿੱਚ ਚਲਾ ਗਿਆ। ਪਰਮੇਸ਼ੁਰ ਉਸ ਦਾ ਨਿਰਦੇਸ਼ਕ ਸੀ।

32 ਪਰਮੇਸ਼ੁਰ ਨੂੰ ਅਸੈਂਬਲੀਜ ਨਾਮਕ ਇੱਕ ਕਲੀਸਿਯਾ ਮਿਲੀ, ਅਤੇ ਇੱਕ ਪਰਮੇਸ਼ੁਰ ਦੀ ਕਲੀਸਿਯਾ, ਅਤੇ ਇੱਕ *ਇਹ*, ਅਤੇ ਇੱਕ *ਉਹ* ਹੈ। ਅਤੇ, ਪਰ ਜਦੋਂ ਉਹ ਸਾਰੇ ਇਕੱਠੇ ਹੋਣਗੇ, ਉਹ ਭਾਈਚਾਰਕ ਪ੍ਰੇਮ ਦਾ ਇੱਕ ਵੱਡਾ ਸਮੂਹ ਹੋਵੇਗਾ, ਅਤੇ ਪਰਮੇਸ਼ੁਰ ਰੱਖੇਗਾ, ਉਸ ਕਲਿਸਿਯਾ ਨੂੰ ਇਕੱਠੀ ਕਰੇਗਾ ਅਤੇ ਉਸਨੂੰ ਅਸਮਾਨ ਵਿੱਚ ਲੈ ਜਾਵੇਗਾ।

33 ਹਰ ਮਸ਼ਹੂਰ ਤਸਵੀਰ, ਇਸ ਤੋਂ ਪਹਿਲਾਂ ਕਿ ਇਹ ਕਦੇ ਕਲਾ ਦੇ ਇੱਕ ਹਾਲ ਵਿੱਚ ਲਟਕਾਈ ਜਾਵੇ, ਜੇ ਇਸ ਨੂੰ ਲਟਕਾਇਆ ਜਾਣਾ ਹੈ ਤਾਂ, ਪਹਿਲਾਂ, ਆਲੋਚਕਾਂ ਦੇ ਹਾਲ ਵਿੱਚੋਂ ਲੰਘਣਾ ਹੁੰਦਾ ਹੈ। ਜਿਸ ਨੇ ਚਿੱਤਰਕਾਰੀ ਕੀਤੀ ਹੁੰਦੀ ਹੈ…?…, ਜਾਂ, ਮੈਨੂੰ ਮਾਫ਼ ਕਰੋ, ਮੈਂ ਉਸਦਾ ਨਾਮ ਨਹੀਂ ਬੋਲ ਸਕਦਾ, ਆਖਰੀ ਭੋਜ ਨੂੰ ਚਿਤਰਿਤ ਕੀਤਾ ਸੀ, ਜੋ ਵੀ ਸੀ, ਇਸ ਵਿੱਚ ਉਸ ਦਾ ਪੂਰਾ ਜੀਵਨ ਲੱਗ ਗਿਆ। ਉਸ ਨੇ ਉਹ ਤਸਵੀਰ ਚਿਤਰਿਤ ਕੀਤੀ। ਇਹ ਲਗਭਗ ਵੀਹ ਸਾਲ, ਜਾਂ ਦਸ ਸਾਲ, ਮੇਰਾ ਮੰਨਣਾ ਹੈ, ਮਸੀਹ ਅਤੇ ਯਹੂਦਾ ਦੇ ਚਿੱਤਰ ਵਿਚਕਾਰ। ਅਤੇ ਕੀ ਤੁਹਾਨੂੰ ਅਹਿਸਾਸ ਹੋਇਆ, ਉਸ ਮਸ਼ਹੂਰ ਤਸਵੀਰ ਵਿੱਚ, ਇੱਕੋ ਆਦਮੀ ਨੇ ਮਸੀਹ ਲਈ ਦਸ ਸਾਲ ਪੋਜ਼ ਦਿੱਤਾ, ਬਾਅਦ ਵਿੱਚ ਦਸ ਸਾਲ ਯਹੂਦਾ ਲਈ ਪੋਜ਼ ਦਿੱਤਾ? ਇਹ ਠੀਕ ਹੈ। ਉਸ ਨੇ ਕੀਤਾ। ਪਾਪ ਦੇ ਦਸ ਸਾਲ, ਇੱਕ ਮਹਾਨ ਓਪੇਰਾ ਗਾਇਕ ਤੋਂ, ਮਸੀਹ ਦੀ ਜਗ੍ਹਾ ਲੈਣ ਲਈ,

ਯਹੂਦਾ ਦੇ ਸਥਾਨ ਤੇ ਆਇਆ। ਤੁਹਾਨੂੰ ਦਸ ਸਾਲ ਲੈਣ ਦੀ ਲੋੜ ਨਹੀਂ ਹੈ। ਇਸ ਨੂੰ ਦਸ ਮਿੰਟ ਲੱਗਦੇ ਹਨ, ਤੁਹਾਡੇ ਨਾਲ ਉਹੀ ਕੰਮ ਕਰੇਗਾ। ਇਹ ਤੁਹਾਡੇ ਚਰਿੱਤਰ ਨੂੰ, ਪਾਪ ਵਿੱਚ ਬਦਲ ਦੇਵੇਗਾ। ਪਰ, ਕਿਸੇ ਵੀ ਤਰ੍ਹਾਂ, ਉਹ ਤਸਵੀਰ ਸਾਰੇ ਆਲੋਚਕਾਂ ਵਿੱਚ ਚਲੀ ਗਈ।

34 ਅਤੇ ਇਹ ਉਹੀ ਹੈ ਜੋ ਮੈਂ ਪਰਮੇਸ਼ੁਰ ਦੀ ਕਲੀਸਿਯਾ ਬਾਰੇ ਸੋਚਦਾ ਹਾਂ, ਜਿਸ ਝੁੰਡ ਨੂੰ ਬੁਲਾਇਆ ਗਿਆ ਹੈ। ਖੈਰ, ਮੇਰਾ ਇਹ ਮਤਲਬ ਕਿਸੇ ਟੀਕਾ ਟਿੱਪਣੀ ਦੁਆਰਾ ਨਹੀਂ ਹੈ। ਮੈਂ ਸੱਤ ਸਮੁੰਦਰ ਪਾਰ ਕੀਤੇ ਹਨ, ਅਤੇ ਮੈਂ ਦੁਨੀਆ ਭਰ ਵਿੱਚ ਆਪਣੀ ਤੀਜੀ ਯਾਤਰਾ ਤੇ ਹਾਂ, ਅਤੇ ਲੋਕ ਕਹਿੰਦੇ ਹਨ, "ਪਵਿੱਤਰ-ਪਖੰਡੀ! ਪਵਿੱਤਰ-ਪਖੰਡੀ!" ਅਤੇ ਮੈਂ ਸੰਸਾਰ ਭਰ ਵਿੱਚ ਭਾਲ ਕੀਤੀ ਹੈ, ਅਤੇ ਮੈਨੂੰ ਅਜੇ ਤੱਕ ਕੋਈ ਪਵਿੱਤਰ-ਪਖੰਡੀ ਨਹੀਂ ਮਿਲਿਆ। ਇਹ ਇੱਕ ਅਜਿਹਾ ਨਾਮ ਹੈ ਜੋ ਸ਼ੈਤਾਨ ਨੇ ਲੋਕਾਂ ਨਾਲ ਨੱਥੀ ਕਰ ਦਿੱਤਾ ਹੈ। ਇਹੀ ਸਭ ਹੈ। ਪਵਿੱਤਰ-ਪਖੰਡੀ ਜਿਹੀ ਕੋਈ ਚੀਜ਼ ਨਹੀਂ ਹੈ। ਅਤੇ ਮੇਰੇ ਕੋਲ ਹਰ ਛੇ ਸੌ ਅਠਾਹਠ ਵੱਖ-ਵੱਖ ਕਲੀਸਿਯਾ ਦੇ ਅੰਕੜੇ ਹਨ ਜੋ ਉੱਥੇ ਹਨ, ਅਤੇ ਸੰਸਾਰ ਵਿੱਚ ਸੰਗਠਿਤ ਹਨ, ਉਹਨਾਂ ਵਿੱਚੋਂ ਇੱਕ ਵੀ ਨਹੀਂ ਹੈ ਜਿਸ ਨੂੰ ਪਵਿੱਤਰ ਪਖੰਡੀ ਕਿਹਾ ਜਾਂਦਾ ਹੈ। ਅਤੇ ਇਹ ਸਰਕਾਰ ਦੇ ਅੰਕੜੇ ਹਨ। ਇੱਥੇ ਇੱਕ ਵੀ ਪਵਿੱਤਰ ਪਖੰਡੀ ਕਲੀਸਿਯਾ ਨਹੀਂ ਹੈ ਜਿਸ ਬਾਰੇ ਮੈਂ ਜਾਣਦਾ ਹੋਵਾਂ। ਇਸ ਲਈ, ਇਹ ਕੁਝ ਅਜਿਹਾ ਹੈ ਜੋ ਸ਼ੈਤਾਨ ਨੇ ਕਿਹਾ ਸੀ। ਪਰ, ਹੁਣ, ਇਸ ਸਭ ਕੁਝ ਵਿੱਚ, ਇਨ੍ਹਾਂ ਸਾਰੀਆਂ ਚੀਜਾਂ ਵਿੱਚ, ਪਰਮੇਸ਼ੁਰ ਨੇ ਇੱਕ ਤਸਵੀਰ ਬਣਾਈ ਹੈ। ਅਤੇ ਕਿਸੇ ਸਮੇਂ ਇਹ ਛੋਟੇ ਪੁਰਾਣੇ ਗਿਰਜੇ ਇੱਥੇ ਹੁੰਦੇ ਸਨ, ਤੁਹਾਡੇ ਵਿੱਚੋਂ ਕੁਝ…

35 ਮੈਂ ਇਨ੍ਹਾਂ ਸਲੇਟੀ-ਸਿਰ ਵਾਲੇ ਆਦਮੀਆਂ ਨੂੰ ਦੇਖਦਾ ਹਾਂ। ਮੇਰਾ ਮੁੰਡਾ, ਕੱਲ੍ਹ; ਮੈਂ ਕਮਰੇ ਵਿੱਚ ਸੀ, ਪੜ੍ਹ ਰਿਹਾ ਸੀ, ਅਤੇ ਇੱਕ ਸੇਵਕ ਕੋਲ ਆਇਆ ਅਤੇ ਕਿਹਾ, "ਤੁਹਾਡੇ ਡੈਡੀ ਨਾਲ ਹੱਥ ਮਿਲਾਉਣਾ ਚਾਹੁੰਦਾ ਹਾਂ।" ਬੇਸ਼ੱਕ, ਮੇਰਾ ਲੜਕੇ ਦਾ ਪਾਲਣ ਪੋਸ਼ਣ ਭਾਈ ਬੈਕਸਟਰ ਅਤੇ ਉਨ੍ਹਾਂ ਨਾਲ ਹੋਇਆ ਹੈ, ਜੋ ਸਿਰਫ਼, "ਨਹੀਂ," ਕਹਿ ਦਿੰਦੇ, ਛੇਤੀ ਨਾਲ। ਮੈਨੂੰ ਇਹ ਪਸੰਦ ਨਹੀਂ ਹੈ। ਸਮਝੇ? ਕੋਈ ਗੱਲ ਨਹੀਂ ਜੇ ਮੈਂ…ਬੇਸ਼ੱਕ, ਮੈਂ ਮਨੁੱਖ ਦਾ ਵੀ ਅਤੇ ਪਰਮੇਸ਼ੁਰ ਦਾ ਵੀ ਸੇਵਕ, ਨਹੀਂ ਹੋ ਸਕਦਾ। ਪਰ ਮੈਨੂੰ ਲੱਗਦਾ ਹੈ ਕਿ ਮੈਂ ਆਪਣੇ ਭਰਾਵਾਂ ਨਾਲ ਹੱਥ ਮਿਲਾਉਣਾ ਪਸੰਦ ਕਰਦਾ ਹਾਂ। ਮੈਨੂੰ ਅਜਿਹਾ ਕਰਨਾ ਪਸੰਦ ਹੈ। ਇਸ ਬਾਰੇ ਕੁਝ ਹੈ, ਮੈਂ ਇੱਕ—ਇੱਕ ਸੇਵਕ ਨਾਲ ਹੱਥ ਮਿਲਾਉਣਾ ਪਸੰਦ ਕਰਦਾ ਹਾਂ। ਕੇਵਲ ਇੱਕ ਸੇਵਕ ਹੀ ਨਹੀਂ, ਪਰ ਪਰਮੇਸ਼ੁਰ ਦੇ ਕਿਸੇ ਵੀ ਬੱਚੇ ਨਾਲ, ਮੈਨੂੰ ਇਹ ਕਰਨਾ ਪਸੰਦ ਹੈ। ਮੈਨੂੰ ਇਸ ਬਾਰੇ ਉਦੋਂ ਤੱਕ ਪਤਾ ਨਹੀਂ ਸੀ ਜਦੋਂ ਤੱਕ ਮੇਰੀ ਪਤਨੀ ਨੇ ਮੈਨੂੰ ਥੋੜੀ ਦੇਰ ਬਾਅਦ ਨਹੀਂ ਦੱਸਿਆ। ਖੈਰ, ਜੇ

ਉਸ ਨੇ ਉਸ ਸੇਵਕ ਨੂੰ ਕਿਹਾ ਹੁੰਦਾ, "ਬੱਸ ਇੱਕ ਮਿੰਟ, ਉਹ ਉੱਥੇ ਪ੍ਰਾਰਥਨਾ ਵਿੱਚ ਹੈ, ਅਤੇ—ਅਤੇ ਮੈਂ ਦੇਖਾਂਗਾ ਕਿ ਉਹ ਕੀ ਕਹਿੰਦਾ ਹੈ।" ਖੈਰ, ਇਹ, ਇਹ ਬਿਹਤਰ ਹੁੰਦਾ। ਇਸ ਲਈ ਮੈਂ ਉਸ ਨੂੰ ਉਸ ਉੱਤੇ ਥੋੜੀ ਜਿਹੀ ਤਾੜਨਾ ਦਿੱਤੀ, ਅਜਿਹਾ ਨਾ ਕਰਨ ਲਈ। ਸਮਝੇ?

36 ਅਤੇ ਇਸ ਲਈ ਇਹ ਸੱਚ ਹੈ, ਤੁਸੀਂ ਬਸ ਸਿੱਧਾ ਇਨਕਾਰ ਨਹੀਂ ਕਰ ਸਕਦੇ, ਜਿਵੇਂ ਭਾਈ ਨੇ ਕੁਝ ਸਮਾਂ ਪਹਿਲਾਂ ਕਿਹਾ ਸੀ। ਜੇ ਤੁਸੀਂ ਕਰਦੇ ਹੋ, ਤਾਂ ਰਾਤ ਨੂੰ ਮੈਂ—ਮੈਂ ਥੱਕ ਜਾਂਦਾ ਹਾਂ, ਤੁਸੀਂ ਸਮਝੇ। ਲੋਕ ਗੱਲ ਕਰਨ ਲਈ ਜਾਂਦੇ ਹਨ, ਅਤੇ ਹਰ ਕਿਸੇ ਨੂੰ ਸ਼ਾਇਦ ਕੋਈ ਬਿਮਾਰੀ ਹੁੰਦੀ ਹੈ, ਅਤੇ ਜਦੋਂ ਉਹ ਇਸ ਬਾਰੇ ਬੋਲਣ ਲੱਗਦੇ ਹਨ, ਛੇਤੀ ਨਾਲ, ਇਸ ਬਾਰੇ ਦੱਸਣ ਲਈ ਪ੍ਰਭੂ ਦਾ ਦੂਤ ਉੱਥੇ ਹੁੰਦਾ ਹੈ।

37 ਉੱਥੇ ਕੋਈ ਬੈਠਾ ਹੈ, ਹੁਣੇ ਮੇਰੇ ਵੱਲ ਦੇਖ ਰਿਹਾ ਹੈ, ਜਾਣਦਾ ਹੈ ਕਿ ਇਹ ਸੱਚ ਹੈ, ਬਸ ਕੁਝ ਮਿੰਟ ਪਹਿਲਾਂ ਤੋਂ, ਜਾਂ ਲਗਭਗ ਡੇਢ ਘੰਟਾ ਪਹਿਲਾਂ ਤੋਂ। ਇੱਥੇ ਬੈਠੀ ਇੱਕ ਔਰਤ, ਜੋ ਨਹੀਂ ਜਾਣਦੀ ਸੀ ਕਿ ਇਹ ਕੀ ਸੀ, ਕਿ ਪ੍ਰਭੂ ਦੇ ਦੂਤ ਨੇ ਉਸ ਰਾਤ ਉਸ ਨਾਲ ਗੱਲ ਕੀਤੀ ਅਤੇ ਉਸ ਨੂੰ ਕੁਝ ਦੱਸਿਆ, ਅਤੇ ਉਹ ਇਸ ਨੂੰ ਸਮਝ ਨਹੀਂ ਸਕੀ। ਪਰ ਅੱਜ ਇਹ ਵਾਪਰਿਆ, ਇਸ ਲਈ ਉਹ ਹੁਣ ਜਾਣਦੀ ਹੈ ਕਿ ਜਦੋਂ ਉਹ ਉਸ ਨਾਲ ਗੱਲ ਕਰ ਰਿਹਾ ਸੀ ਤਾਂ ਇਸਦਾ ਕੀ ਅਰਥ ਸੀ। ਅਤੇ ਕਿਵੇਂ, ਉੱਥੇ ਖਲੋ ਕੇ ਉਸ ਨਾਲ ਗੱਲਾਂ ਕਰਦਾ ਹੋਇਆ, ਪ੍ਰਭੂ ਦਾ ਦੂਤ ਸਿੱਧਾ ਬਾਹਰ ਚਲਾ ਗਿਆ ਅਤੇ ਉਸਨੂੰ ਦੱਸਿਆ ਕਿ ਉਸਦੀ ਪਰੇਸ਼ਾਨੀ ਕੀ ਸੀ, ਅਤੇ ਇਸ ਬਾਰੇ ਸਭ ਕੁਝ, ਅਤੇ—ਅਤੇ ਉਹ ਕਿਸ ਬਾਰੇ ਸੋਚ ਰਹੀ ਸੀ, ਅਤੇ ਉਸਦੇ ਅਜ਼ੀਜ਼ਾਂ ਵਿੱਚੋਂ ਇੱਕ, ਅਤੇ ਪਰਮੇਸ਼ੁਰ ਨੇ ਕਿਵੇਂ ਗੱਲ ਕੀਤੀ ਅਤੇ ਕਿਹਾ ਕਿ ਉਸਨੇ ਇਸਦੀ ਪੁਸ਼ਟੀ ਕੀਤੀ ਹੈ, ਅਤੇ ਕੀ ਹੋਣ ਵਾਲਾ ਸੀ। ਇਸ ਲਈ ਇਹ ਬਿਲਕੁਲ ਉਸੇ ਤਰ੍ਹਾਂ ਹੈ ਜੋ ਇਹ ਹੋਵੇਗਾ। ਸਮਝੇ? ਪਰਮੇਸ਼ੁਰ ਨੇ ਅਜਿਹਾ ਕਿਹਾ ਸੀ।

38 ਅੱਛਾ, ਹੁਣ, ਉਨ੍ਹਾਂ ਕੁਝ ਵਾਰ ਬਾਰੇ ਕੀ ਸੀ ਜੋ…ਫਿਰ, ਅਤੇ ਹਰ ਦਰਸ਼ਣ ਤੁਹਾਨੂੰ ਬਹੁਤ ਜ਼ਿਆਦਾ ਕਮਜ਼ੋਰ ਕਰ ਦਿੰਦਾ ਹੈ, ਸਮਝੇ। ਅਤੇ ਪਹਿਲੀ ਗੱਲ ਜੋ ਤੁਸੀਂ ਜਾਣਦੇ ਹੋ, ਜਦੋਂ ਤੁਸੀਂ ਰਾਤ ਨੂੰ ਗਿਰਜੇ ਜਾਂਦੇ ਹੋ, ਤੁਸੀਂ ਉਦੋਂ ਤੱਕ ਪੂਰੀ ਤਰ੍ਹਾਂ ਥੱਕ ਗਏ ਹੁੰਦੇ ਹੋ ਇੱਥੋਂ ਤੱਕ ਤੁਹਾਨੂੰ ਇਹ ਨਹੀਂ ਪਤਾ ਹੁੰਦਾ ਕਿ ਕੀ ਕਰਨਾ ਹੈ। ਅਤੇ ਤੁਸੀਂ ਹੁਣ ਮੇਰੇ ਲਈ ਪ੍ਰਾਰਥਨਾ ਕਰੋ, ਦੇਖੋ, ਕਿਉਂਕਿ ਇਹ ਇੱਕ ਸਭਾ ਤੋਂ ਦੂਜੀ, ਅਤੇ ਇੱਕ ਹੋਰ ਤਕ ਹੈ। ਇਹ ਇੱਕੋ ਸਭਾ ਸੀ, ਇਹ ਵੱਖਰੀ ਹੋਵੇਗੀ, ਕਿਉਂਕਿ ਮੈਂ ਹੁਣ ਘਰ ਜਾ ਰਿਹਾ ਸੀ ਅਤੇ ਕੁਝ ਮਹੀਨਿਆਂ ਲਈ ਕੁਝ ਨਹੀਂ ਕਰਨ ਵਾਲਾ ਸੀ, ਬਾਹਰ ਜਾਂਦਾ ਅਤੇ ਆਪਣੀ ਮੱਛੀਆਂ

ਫੜ੍ਹਨ ਵਾਲੀ ਡੰਡੀ ਲੈਂਦਾ ਅਤੇ ਮੱਛੀ ਫੜਨ ਲਈ ਚਲਾ ਜਾਂਦਾ। ਪਰ ਮੈਨੂੰ ਇੱਕ ਸਭਾ ਤੋਂ ਦੂਜੀ ਤੱਕ, ਇੱਕ ਤੋਂ ਇੱਕ ਹੋਰ ਤੱਕ, ਤੁਸੀਂ ਸਮਝੇ। ਇਹ ਉਹ ਹੈ ਜੋ ਇਸਨੂੰ ਬਣਾਉਂਦਾ ਹੈ।

39 ਅਤੇ ਤੁਸੀਂ ਸਾਰੇ ਪ੍ਰਾਰਥਨਾ ਕਰੋ, ਤੁਸੀਂ ਲੋਕ ਜੋ ਇੱਥੇ ਸ਼ਰੋਤਿਆਂ ਵਿੱਚ ਹੋ। ਉਨ੍ਹਾਂ ਨੇ ਮੈਨੂੰ ਬੀਤੀ ਰਾਤ ਦੱਸਿਆ ਕਿ ਮੈਂ—ਕਿ ਮੈਂ ਕਿਸੇ ਖਾਸ ਵਿਅਕਤੀ ਨਾਲ ਗੱਲ ਕਰ ਰਿਹਾ ਸੀ, ਅਤੇ ਉਸ ਵਿਅਕਤੀ ਨੇ ਪੁਕਾਰ ਦਾ ਜਵਾਬ ਨਹੀਂ ਦਿੱਤਾ। ਹੁਣ, ਇਹ ਬਹੁਤ ਖਤਰਨਾਕ ਹੈ, ਤੁਸੀਂ ਸਮਝੇ। ਜਦੋਂ ਉਨ੍ਹਾਂ ਕਿਹਾ… ਖੈਰ, ਕਈ ਵਾਰ ਇਹ ਰੋਸ਼ਨੀਆਂ ਨਹੀਂ ਚਮਕਦੀਆਂ, ਇਨ੍ਹਾਂ ਵਿਚਕਾਰ ਇੱਕ ਹਨੇਰਾ ਸਥਾਨ ਹੁੰਦਾ ਹੈ।

40 ਅਤੇ ਮੈਂ ਪ੍ਰਭੂ ਦੇ ਦੂਤ ਨੂੰ ਦੇਖਦਾ ਹਾਂ ਜਦੋਂ ਉਹ ਇੱਥੇ ਖੜ੍ਹਾ ਹੁੰਦਾ ਹੈ, ਮੈਂ ਇਸਨੂੰ ਮਹਿਸੂਸ ਕਰ ਸਕਦਾ ਹਾਂ। ਫਿਰ ਮੈਂ ਇਸ ਨੂੰ ਆਪਣੇ ਤੋਂ ਦੂਰ ਜਾਂਦਾ ਹੋਇਆ ਮਹਿਸੂਸ ਕਰਦਾ ਹਾਂ, ਅਤੇ ਮੈਂ ਦੇਖਾਂਗਾ, ਇਹ ਮੈਨੂੰ ਛੱਡ ਦੇਵੇਗਾ ਅਤੇ ਇਹ ਕਿਤੇ ਚਲਾ ਜਾਵੇਗਾ ਅਤੇ ਉੱਥੇ ਥੋੜਾ ਚਿਰ ਖੜ੍ਹਾ ਰਹੇਗਾ, ਅਤੇ ਮੈਂ ਇਸਨੂੰ ਦੇਖ ਸਕਦਾ ਹਾਂ। ਅਤੇ ਇਹ ਚਮਕੇਗਾ ਅਤੇ ਇੱਕ ਦਰਸ਼ਨ ਆਵੇਗਾ। ਫਿਰ ਮੈਂ ਦਰਸ਼ਨ ਦੇਖਾਂਗਾ। ਮੈਂ ਦੇਖਾਂਗਾ ਕਿ ਇਹ ਉੱਥੇ ਜੋ ਵਿਅਕਤੀ ਹੈ ਉਹ ਕਿਸ ਤਰ੍ਹਾਂ ਦਾ ਦਿੱਖਦਾ ਹੈ। ਮੈਂ ਵਿਅਕਤੀ ਨੂੰ ਲੱਭਦਾ ਹਾਂ, ਫਿਰ ਮੈਂ ਬੋਲਦਾ ਹਾਂ। ਇਹੀ ਹੁੰਦਾ ਹੈ। ਇਹੀ ਹੁੰਦਾ ਹੈ। ਤੁਹਾਨੂੰ ਹਰ ਕਿਸੇ ਨੂੰ ਇਹ ਦੱਸਣ ਦੀ ਲੋੜ ਨਹੀਂ ਹੈ, ਪਰ ਇਹ ਹੈ—ਇਹ ਉਹ ਹੈ ਜੋ ਹੁੰਦਾ ਹੈ, ਤੁਸੀਂ ਸਮਝੇ। ਇਹ ਸਭ ਆਤਮਿਕ ਖੇਤਰ ਵਿੱਚ ਹੁੰਦਾ ਹੈ।

41 ਫਿਰ ਜੇ ਉਹ ਵਿਅਕਤੀ ਜਵਾਬ ਨਹੀਂ ਦਿੰਦਾ, ਤਾਂ ਇਹ ਇੱਥੇ ਬਾਈਬਲ ਪੜ੍ਹ ਕੇ ਕਹਿਣ ਵਾਂਗ ਹੋਵੇਗਾ, "ਇਸ ਲਈ ਕੁਝ ਨਹੀਂ," ਇਸ ਤੋਂ ਦੂਰ ਚਲੇ ਜਾਓ। ਸਮਝੇ? ਇਸ ਲਈ ਇਹ ਇਸ ਨੂੰ ਬਹੁਤ ਬੁਰਾ ਬਣਾਉਂਦਾ ਹੈ। ਇਸ ਲਈ ਸੁਚੇਤ ਰਹੋ, ਸੁਣੋ, ਦੇਖਦੇ ਰਹੋ। ਜਦੋਂ ਉਹ ਬੋਲਦਾ ਹੈ, ਜਵਾਬ ਦਿਓ। ਦੇਖੋ, ਕਿਸੇ ਵੀ ਸਮੇਂ ਜਵਾਬ ਦੇਣ ਲਈ ਤਿਆਰ ਰਹੋ।

42 ਅਤੇ ਇਸ ਲਈ ਮੇਰੀ ਪਤਨੀ, ਅਤੇ ਭਾਈ ਬੀਲਰ ਅਤੇ ਉਨ੍ਹਾਂ ਵਿੱਚੋਂ ਬਹੁਤ ਸਾਰੇ, ਅੱਜ ਸਵੇਰੇ, ਮੈਨੂੰ ਇਸ ਬਾਰੇ ਦੱਸ ਰਹੇ ਸਨ, ਕਿ ਇਹ ਇੱਕ ਆਦਮੀ ਨੂੰ ਉਸਦੇ ਭਰਾ ਲਈ ਬੁਲਾ ਰਿਹਾ ਸੀ, ਕਿਤੇ, ਜਿੱਥੇ ਉਸਦੇ ਨਾਲ ਕੁਝ ਸਮੱਸਿਆ ਸੀ, ਅਤੇ ਇਸ ਤਰ੍ਹਾਂ। ਅਤੇ ਆਦਮੀ ਨੇ ਪੁਕਾਰ ਦਾ ਜਵਾਬ ਨਹੀਂ ਦਿੱਤਾ, ਇਸ ਲਈ ਉਸਦੀ ਮਦਦ ਨਹੀਂ ਕੀਤੀ ਜਾ ਸਕੀ। ਇਹ ਪਰਮੇਸ਼ੁਰ ਅਤੇ ਮਨੁੱਖ ਵਿਚਕਾਰ ਹੈ। ਦਰਸ਼ਨ ਮੇਰੇ ਤੋਂ ਚਲਾ ਗਿਆ। ਫਿਰ ਮੈਂ ਇਸਨੂੰ ਹੋਰ ਨਹੀਂ ਲੱਭ ਸਕਿਆ, ਕਿਉਂਕਿ ਉਸਨੇ ਜਵਾਬ ਨਹੀਂ ਦਿੱਤਾ। ਇਸ ਲਈ,

ਦੇਖਦੇ ਰਹੋ, ਸੁਚੇਤ ਰਹੋ।

43 ਹੁਣ *ਭੂਤ ਵਿਗਿਆਨ* ਦੇ ਇਸ ਵਿਸ਼ੇ ਨੂੰ ਲੈ ਕੇ ਅਤੇ ਭੂਤਾਂ ਬਾਰੇ ਗੱਲ ਕਰ ਰਹੇ ਹਾਂ। ਹੁਣ, ਲੋਕ, ਜਦੋਂ ਤੁਸੀਂ ਕਹਿੰਦੇ ਹੋ "ਭੂਤ," ਉਹ ਛੇਤੀ ਸੋਚਣ ਲੱਗਦੇ ਹਨ, "ਔਹ, ਕੁਝ ਕੱਟੜਤਾ ਜਾਂ ਕੁਝ!" ਪਰ ਭੂਤ ਦੂਤਾਂ ਵਾਂਗ ਹੀ ਅਸਲ ਹਨ। ਉਹ ਬਿਲਕੁਲ ਅਸਲੀ ਹਨ।

44 ਅਤੇ ਸ਼ੈਤਾਨ ਅਸਲ ਵਿੱਚ ਇੱਕ ਸ਼ੈਤਾਨ ਹੈ, ਜਿਵੇਂ ਯਿਸੂ ਮਸੀਹ ਪਰਮੇਸ਼ੁਰ ਦਾ ਪੁੱਤਰ ਹੈ। ਉਸੇ ਤਰ੍ਹਾਂ ਉਹ ਇੱਕ ਸ਼ੈਤਾਨ ਹੈ! ਸਵਰਗ ਬਿਲਕੁਲ ਅਸਲੀ ਹੈ। ਅਤੇ ਜੇ ਨਰਕ ਜਿਹੀ ਕਈ ਚੀਜ਼ ਨਹੀਂ ਹੈ, ਤਾਂ ਸਵਰਗ ਜਿਹੀ ਵੀ ਕੋਈ ਚੀਜ਼ ਨਹੀਂ ਹੈ। ਅਤੇ ਜੇਕਰ ਕੋਈ ਅਨੰਤ ਬਖਸ਼ਿਸ਼ ਨਹੀਂ ਹੈ...ਅਨੰਤ ਸਜ਼ਾ, ਸਗੋਂ, ਕੋਈ ਅਨੰਤ ਬਖਸ਼ਿਸ਼ ਨਹੀਂ ਹੈ। ਜੇ ਕੋਈ ਦਿਨ ਨਹੀਂ ਹੈ, ਤਾਂ ਕੋਈ ਰਾਤ ਵੀ ਨਹੀਂ ਹੈ। ਸਮਝੇ? ਪਰ ਜਿਵੇਂ ਦਿਨ ਹੈ, ਉਸੇ ਤਰ੍ਹਾਂ ਰਾਤ ਵੀ ਹੈ। ਜਿਵੇਂ— ਜਿਵੇਂ ਇਹ ਇੱਕ—ਪੱਕੀ ਗੱਲ ਹੈ ਕਿ ਉੱਥੇ ਇੱਕ ਮਸੀਹੀ ਹੈ, ਤਾਂ ਉੱਥੇ ਇੱਕ ਪਖੰਡੀ ਦਾ ਹੋਣਾ ਲਾਜ਼ਮੀ ਹੈ। ਜਿਵੇਂ ਨਿਸ਼ਚਤ ਤੌਰ ਤੇ ਕੋਈ ਅਜਿਹਾ ਵਿਅਕਤੀ ਹੈ ਜੋ ਅਸਲ ਵਿੱਚ ਪਰਮੇਸ਼ੁਰ ਤੋਂ ਹੈ, ਤਾਂ ਉੱਥੇ ਕੋਈ ਹੈ ਜੋ ਉਸ ਦੀ ਨਕਲ ਕਰੇ। ਸਮਝੇ? ਇਹ ਬਿਲਕੁਲ ਸਿੱਧਾ ਅਤੇ ਉਲਟਾ ਹੈ, ਕਾਲਾ ਅਤੇ ਚਿੱਟਾ, ਹਰ ਚੀਜ਼ ਤੇ ਜੀਵਨ ਦੇ ਬਿਲਕੁਲ ਹੇਠਾਂ, ਹਰ ਜਗ੍ਹਾ ਸੱਚ ਅਤੇ ਝੂਠ ਹੈ। ਅਤੇ ਇੱਥੇ ਇੱਕ ਝੂਠੀ ਖੁਸ਼ਖਬਰੀ ਹੈ, ਇੱਕ ਸੱਚੀ ਖੁਸ਼ਖਬਰੀ ਹੈ। ਇੱਥੇ ਇੱਕ ਸੱਚਾ ਬਪਤਿਸਮਾ ਹੈ, ਇੱਕ ਝੂਠਾ ਬਪਤਿਸਮਾ ਹੈ। ਇੱਥੇ ਇੱਕ ਢੋਂਗੀ-ਵਿਸ਼ਵਾਸ ਹੈ, ਅਤੇ ਇੱਕ ਅਸਲ ਹੈ। ਇੱਥੇ ਇੱਕ ਅਸਲੀ ਅਮਰੀਕੀ ਡਾਲਰ ਹੈ, ਇੱਕ ਨਕਲੀ ਅਮਰੀਕੀ ਡਾਲਰ ਹੈ। ਇੱਥੇ ਇੱਕ ਸੱਚਾ ਮਸੀਹੀ ਹੈ, ਇੱਕ ਅਸਲ ਪਖੰਡੀ ਵੀ ਹੈ, ਦੇਖੋ, ਇਹ ਸਿਰਫ ਨਕਲ ਹੈ। ਇਸ ਲਈ ਤੁਸੀਂ ਵੇਖਦੇ ਹੋ, ਇਹ ਸਭ ਕੁਝ ਇਕੱਠਾ ਹੀ ਹੁੰਦਾ ਹੈ। ਹੁਣ, ਅਸੀਂ ਇਸ ਨੂੰ ਵੱਖ ਨਹੀਂ ਕਰ ਸਕਦੇ। ਪਰਮੇਸ਼ੁਰ ਮੀਂਹ ਪੈਣ ਦਿੰਦਾ ਹੈ।

45 ਸ਼ਾਇਦ ਉਹ ਮੈਨੂੰ ਇੱਥੇ ਥੋੜਾ ਜਿਹਾ ਬੋਲਣ ਦੇਵੇ। ਇੱਥੇ ਕਿੰਨੇ ਪ੍ਰਚਾਰਕ ਹਨ? ਆਪਣੇ ਹੱਥ ਉਠਾਓ। ਚਾਰੇ ਪਾਸੇ, ਪ੍ਰਚਾਰਕ, ਆਓ ਤੁਹਾਡੇ ਹੱਥ ਵੇਖੀਏ। ਖੈਰ, ਪਰਮੇਸ਼ੁਰ ਤੁਹਾਨੂੰ ਅਸੀਸ ਦੇਵੇ, ਭਰਾਵੋ। ਹੁਣ, ਹੁਣ, ਤੁਸੀਂ ਇਸ ਨੂੰ ਹੁਣ ਸਿਧਾਂਤ ਲਈ ਨਹੀਂ ਲੈਂਦੇ, ਪਰ, ਇਸ ਤੋਂ ਪਹਿਲਾਂ ਕਿ ਅਸੀਂ ਇਸ ਮਹੱਤਵਪੂਰਣ ਵਿਸ਼ੇ ਵੱਲ ਆਈਏ, ਮੈਂ ਤੁਹਾਨੂੰ ਦੱਸਾਂਗਾ। ਇੱਥੇ ਕਿੰਨੇ ਪੈਂਟੇਕੋਸਟਲ ਲੋਕ ਹਨ? ਆਪਣੇ ਹੱਥ ਉਠਾਓ, ਹਰ ਜਗ੍ਹਾ ਚਾਰੇ ਪਾਸੇ। ਖੈਰ, ਤੁਸੀਂ ਸਾਰੇ ਪੈਂਟੇਕੋਸਟਲ ਹੋ। ਠੀਕ ਹੈ। ਤੁਹਾਨੂੰ ਦੱਸਣ ਜਾ ਰਿਹਾ ਹਾਂ ਕਿ ਜਦੋਂ ਮੈਂ ਪਹਿਲੀ ਵਾਰ ਤੁਹਾਡੇ ਖੇਤਰ, ਸ਼੍ਰੇਣੀ ਵਿੱਚ ਆਇਆ ਤਾਂ ਮੇਰੇ ਕੋਲ ਕੀ ਸੀ।

ਮੈਂ ਇੱਥੇ ਇੰਡੀਆਨਾ ਵਿੱਚ ਸੀ, ਇੱਕ ਥਾਂ ਜਿਸ ਦਾ ਨਾਮ ਮਿਸ਼ਾਵਾਕਾ ਸੀ। ਪੈਂਟੇਕੋਸਟਲ ਲੋਕਾਂ ਦਾ ਪਹਿਲਾ ਸਮੂਹ ਜੋ ਮੈਂ ਕਦੇ ਦੇਖਿਆ ਸੀ, ਉਨ੍ਹਾਂ ਨੂੰ ਕਿਹਾ ਜਾਂਦਾ ਸੀ—ਯਿਸੂ ਮਸੀਹ ਦੀ ਪੈਂਟੇਕੋਸਟਲ ਅਸੈਂਬਲੀਆਂ, ਮੈਂ ਵਿਸ਼ਵਾਸ ਕਰਦਾ ਹਾਂ, ਜਾਂ ਅਜਿਹਾ ਕੁਝ, ਲੋਕਾਂ ਦਾ ਸ਼ਾਨਦਾਰ ਝੁੰਡ। ਹੁਣ ਉਹ ਇਕੱਠੇ ਹੋ ਗਏ ਹਨ ਅਤੇ ਆਪਣੇ ਆਪ ਨੂੰ ਯੂਨਾਈਟਿਡ ਪੇਂਟੇਕੋਸਟ ਕਹਿੰਦੇ ਹਨ। ਪਾਣੀ ਦੇ ਬਪਤਿਸਮੇ ਦੇ ਮੁੱਦੇ ਦੇ ਕਾਰਨ, ਉਹ ਬਾਕੀਆਂ ਨਾਲੋਂ ਵੱਖਰੇ ਹੋ ਗਏ ਹਨ। ਇਹ ਉਹਨਾਂ ਨੂੰ ਕੋਈ ਪਖੰਡੀ ਨਹੀਂ ਬਣਾਉਂਦਾ। ਉੱਥੇ ਬਹੁਤ ਸਾਰੇ ਸੱਚੇ, ਅਸਲੀ ਸੱਚੇ ਪਵਿੱਤਰ ਆਤਮਾ ਨਾਲ ਭਰੇ, ਦੁਬਾਰਾ ਜਨਮੇ ਮਸੀਹੀ ਹਨ। ਅਤੇ ਪਰਮੇਸ਼ੁਰ ਨੇ ਉਨ੍ਹਾਂ ਨੂੰ “ਯਿਸੂ ਦੇ ਨਾਮ” ਵਿੱਚ ਬਪਤਿਸਮਾ ਲੈਣ ਦੁਆਰਾ ਪਵਿੱਤਰ ਆਤਮਾ ਦਿੱਤਾ, ਅਤੇ ਬਾਕੀਆਂ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਦਿੱਤਾ, “ਪਿਤਾ, ਪੁੱਤਰ, ਪਵਿੱਤਰ ਆਤਮਾ” ਵਿੱਚ ਬਪਤਿਸਮਾ ਲੈਣ ਦੁਆਰਾ। ਇਸ ਲਈ, “ਪਰਮੇਸ਼ੁਰ ਨੇ ਉਨ੍ਹਾਂ ਨੂੰ ਪਵਿੱਤਰ ਆਤਮਾ ਦਿੱਤਾ, ਜੋ ਉਸ ਦੀ ਆਗਿਆਕਾਰੀ ਕਰਦੇ ਹਨ,” ਇਸ ਲਈ ਕਿਸ—ਕਿਸ ਨੂੰ ਮਿਲਿਆ, ਕਿਸ ਨੇ ਉਸ ਦੀ ਆਗਿਆਕਾਰੀ ਕੀਤੀ? ਉਥੇ ਤੁਸੀਂ ਹੋ।

46 ਜੇ ਤੁਸੀਂ ਹੁਣੇ ਭੁੱਲ ਗਏ ਹੋ, ਅਤੇ ਉਹ ਜੋ ਇੱਕ ਰਾਹ ਤੇ ਰਹਿਣਾ ਚਾਹੁੰਦੇ ਹਨ, ਉਨ੍ਹਾਂ ਨੂੰ ਰਹਿਣ ਦਿਓ, ਅਤੇ ਤੁਸੀਂ ਅੱਗੇ ਵਧੋ ਅਤੇ ਭਰਾ ਬਣੇ ਰਹੋ। ਇਹੀ ਸਭ ਹੈ। ਨਾ ਕਰੋ…ਇਸ ਨੇ ਕੀ ਕੀਤਾ, ਉਨ੍ਹਾਂ ਨੂੰ ਤੋੜ ਰਿਹਾ ਸੀ, ਤੋੜ ਕੇ ਦੂਰ ਕਰ ਰਿਹਾ ਸੀ। ਸਮਝੇ? ਕੀ? ਤੋੜ ਰਿਹਾ ਸੀ, ਪਾੜ ਰਿਹਾ ਸੀ, ਭਾਈਚਾਰਾ ਤੋੜ ਰਿਹਾ ਸੀ, ਆਪਣੇ ਆਪ ਨੂੰ ਵੱਖਰਾ ਕਰ ਰਿਹਾ ਸੀ। ਨਹੀਂ, ਸ਼੍ਰੀ ਮਾਨ, ਅਸੀਂ ਵੱਖ ਨਹੀਂ ਹੋਏ, ਅਸੀਂ ਇੱਕ ਹਾਂ। ਇਹ ਠੀਕ ਹੈ।

47 ਪਰ ਜਦੋਂ ਮੈਂ ਉੱਥੇ ਖੜ੍ਹਾ ਸੀ, ਮੈਂ ਉਨ੍ਹਾਂ ਲੋਕਾਂ ਨੂੰ ਦੇਖ ਰਿਹਾ ਸੀ। ਹੁਣ, ਮੈਂ, ਇੱਕ ਨਿਯਮਤ ਛੋਟੇ ਜਿਹੇ ਪੁਰਾਣੇ ਦੱਖਣੀ ਬੈਪਟਿਸਟ ਗਿਰਜੇ ਵਿੱਚੋਂ ਬਾਹਰ ਆਇਆ ਹਾਂ, ਕਿਉਂ, ਮੈਂ ਉਨ੍ਹਾਂ ਲੋਕਾਂ ਨੂੰ ਮਿਲਾਂਗਾ, ਮੈਂ ਉੱਥੇ ਗਿਆ ਅਤੇ ਉਹ ਤਾੜੀਆਂ ਵਜਾ ਰਹੇ ਸਨ, ਚੀਕ ਰਹੇ ਸਨ, “ਉਹਨਾਂ ਵਿੱਚੋਂ ਇੱਕ, ਉਹਨਾਂ ਵਿੱਚੋਂ ਇੱਕ, ਮੈਨੂੰ ਖੁਸ਼ੀ ਹੈ ਕਿ ਮੈਂ ਉਹਨਾਂ ਵਿੱਚੋਂ ਇੱਕ ਹਾਂ!”

48 ਮੈਂ ਸੋਚਿਆ, “ਮੇਰੇ! ਵਾਹ!” ਸਭ ਤੋਂ ਪਹਿਲਾਂ ਜੋ ਤੁਸੀਂ ਜਾਣਦੇ ਹੋ, ਇੱਥੇ ਕੋਈ ਵਿਅਕਤੀ ਉਥੋਂ ਹੇਠਾਂ ਆਇਆ, ਜਿੰਨੇ ਜੋਰ ਨਾਲ ਉਹ ਨੱਚ ਸਕਦਾ ਹੈ ਸੀ ਉਨੇ ਜੋਰ ਨਾਲ ਨੱਚਦਾ ਹੋਇਆ। “ਤੁਹ-ਤੁਹ-ਤੁਹ-ਤੁਹ-ਤੁਹ,” ਮੈਂ ਸੋਚਿਆ, “ਕਲੀਸਿਯਾ ਦੇ ਦਸਤੂਰ! ਮੈਂ ਇਸ ਤਰ੍ਹਾਂ ਦੀਆਂ ਗੱਲਾਂ ਕਦੇ ਨਹੀਂ ਸੁਣੀਆਂ।” ਮੈਂ ਉਨ੍ਹਾਂ ਨੂੰ, ਆਲੇ-ਦੁਆਲੇ ਦੇਖਦਾ ਰਿਹਾ। ਹੈਰਾਨ ਹੋਇਆ, “ਅੱਛਾ, ਦੁਨੀਆਂ ਵਿਚ ਉਨ੍ਹਾਂ ਲੋਕਾਂ ਨਾਲ ਕੀ ਹੋ ਗਿਆ ਹੈ?”

49 ਹੁਣ, ਤੁਸੀਂ ਮੈਨੂੰ ਆਪਣੀ ਜੀਵਨ ਕਥਾ ਸੁਣਾਉਂਦੇ ਹੋਏ ਸੁਣਿਆ ਹੈ, ਜਿੱਥੇ ਮੈਂ ਉਸ ਮੁਲਕਾਤ ਬਾਰੇ ਗੱਲ ਕੀਤੀ ਸੀ। ਪਰ ਇਹ ਉਹ ਚੀਜ਼ ਹੈ ਜੋ ਮੈਂ ਪਹਿਲਾਂ ਕਦੇ ਵੀ ਨਹੀਂ ਦੱਸੀ, ਪਹਿਲਾਂ ਕਦੇ ਨਹੀਂ ਦੱਸੀ, ਲੋਕਾਂ ਵਿੱਚ। ਇਸ ਲਈ ਉਹ...ਹੁਣ, ਜੇਕਰ ਤੁਸੀਂ ਇਸਨੂੰ ਆਪਣੇ ਰਿਕਾਰਡਰ ਤੋਂ ਮਿਟਾਉਣਾ ਚਾਹੁੰਦੇ ਹੋ, ਕਿਉਂ, ਤੁਸੀਂ ਅਜਿਹਾ ਕਰ ਸਕਦੇ ਹੋ। ਠੀਕ ਹੈ। ਹੁਣ, ਇਸ ਵਿੱਚ ਮੈਂ ਦੇਖਿਆ, ਅਤੇ ਹੁਣ ਮੈਂ ਸੋਚਿਆ, "ਖੈਰ, ਉਹ ਲੋਕ ਸਭ ਤੋਂ ਖੁਸ਼ਹਾਲ ਲੋਕ ਹਨ ਜੋ ਮੈਂ ਆਪਣੀ ਜ਼ਿੰਦਗੀ ਵਿੱਚ ਕਦੇ ਵੇਖੇ ਹਨ।" ਉਹ ਆਪਣੇ ਧਰਮ ਤੋਂ ਸ਼ਰਮਿੰਦੇ ਨਹੀਂ ਸਨ। ਅਸੀਂ ਬੈਪਟਿਸਟਾਂ ਨੂੰ ਥੋੜੀ ਜਿਹੀ ਸ਼ਰਮ ਆਉਂਦੀ ਹੈ, ਕਦੇ ਕਦਾਈਂ, ਤੁਸੀਂ ਜਾਣਦੇ ਹੋ। ਸਮਝੇ? ਅਤੇ ਜਦੋਂ ਉਹ ਪ੍ਰਾਰਥਨਾ ਕਰਨ ਜਾਂਦੇ ਹਨ, ਤੁਸੀਂ ਜਾਣਦੇ ਹੋ, ਪੱਖੇ ਦੇ ਪਿੱਛੇ ਹੋ ਜਾਂਦੇ ਹਨ, ਤੁਹਾਨੂੰ ਪਤਾ ਹੈ। ਅਤੇ—ਅਤੇ, ਪਰ ਅਸੀਂ...ਪਰ ਉਹ ਲੋਕ ਨਹੀਂ ਸਨ, ਭਾਈ, ਉਨ੍ਹਾਂ—ਉਨ੍ਹਾਂ ਦੇ ਅੰਦਰ, ਬਾਹਰ ਅਤੇ ਸਾਰੇ ਪਾਸੇ ਧਰਮ ਸੀ।

50 ਖੈਰ, ਮੈਨੂੰ ਉਹ ਰਾਤ ਯਾਦ ਹੈ ਜਦੋਂ ਮੈਂ ਮੰਚ ਤੇ ਗਿਆ ਸੀ। ਕਿਹਾ, "ਸਾਰੇ ਪ੍ਰਚਾਰਕ ਮੰਚ ਉੱਤੇ।" ਇਹ ਇੱਕ ਸੰਮੇਲਨ ਸੀ। ਉਨਾਂ ਨੂੰ ਇਹ ਇੱਥੇ ਉੱਤਰ ਵਿੱਚ ਕਰਨਾ ਪਿਆ, ਰੰਗਭੇਦ ਦੀ ਸਮੱਸਿਆ ਦੇ—ਦੇ ਕਾਰਣ, ਦੱਖਣ ਦੇ ਜਿਮ ਕ੍ਰੋ ਕਾਨੂੰਨ ਕਰਕੇ। ਇਸ ਲਈ ਹਰੇਕ ਥਾਂ ਤੋਂ ਉਹ ਸਾਰੇ ਉੱਥੇ ਮਿਲੇ ਸਨ। ਇਸ ਲਈ, ਮੈਂ ਉੱਥੇ ਬੈਠਾ ਹੋਇਆ ਸੀ। ਅਤੇ ਉਸ ਨੇ ਕਿਹਾ...ਅੱਛਾ, ਹੁਣ ਉੱਥੇ...ਮੈਂ ਉਸ ਦਿਨ ਅਤੇ ਉਸ ਰਾਤ ਸਾਰੇ ਪ੍ਰਚਾਰਕਾਂ ਨੂੰ ਸੁਣਿਆ। ਉਨ੍ਹਾਂ ਨੇ ਕਿਹਾ ਕਿ ਕੋਈ ਪੁਰਾਣਾ ਪ੍ਰਚਾਰਕ, ਉਹ ਇੱਕ ਬਜੁਰਗ ਕਾਲਾ ਆਦਮੀ ਸੀ, ਉਸਦੇ ਸਿਰ ਦੇ ਆਲੇ ਦੁਆਲੇ ਵਾਲਾਂ ਦੀ ਥੋੜੀ ਜਿਹੀ ਕਿਨਾਰੀ ਸੀ, *ਉਸ* ਤਰ੍ਹਾਂ, ਵੱਡਾ ਪੁਰਾਣਾ ਲੰਬਾ ਫ਼ਰਾਕ-ਜਿਹਾ ਪ੍ਰਚਾਰਕ ਕੋਟ, ਤੁਸੀਂ ਜਾਣਦੇ ਹੋ, ਮਖਮਲੀ ਕਾਲਰ, ਅਤੇ ਇਹ ਗਰਮ ਮੌਸਮ ਸੀ। ਵਿਚਾਰਾ ਬੁੱਢਾ ਸਾਥੀ *ਇਸ* ਤਰ੍ਹਾਂ ਬਾਹਰ ਆਇਆ। ਉਸ ਨੇ ਕਿਹਾ, "ਮੇਰੇ ਪਿਆਰੇ ਬੱਚਿਓ," ਉਸ ਨੇ ਕਿਹਾ, "ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ," ਗਵਾਹੀ ਦੇਣ ਲਗਾ। ਮੈਂ ਮੰਚ ਤੇ ਬੈਠੇ ਹੋਇਆਂ ਵਿੱਚੋਂ ਸਭ ਤੋਂ ਛੋਟਾ ਵਿਅਕਤੀ ਸੀ। ਤਾਂ ਉਸਨੇ ਕਿਹਾ, "ਮੈਂ ਤੁਹਾਨੂੰ ਦੱਸਦਾ ਹਾਂ!" ਉਸ ਨੇ ਆਪਣਾ ਵਿਸ਼ਾ ਅੱਯੂਬ ਵਿੱਚੋਂ ਲਿਆ, "ਜਦੋਂ ਮੈਂ ਜਗਤ ਦੀਆਂ ਨੀਂਹਾਂ ਰੱਖੀਆਂ ਤਾਂ ਤੂੰ ਕਿੱਥੇ ਸੀ? ਮੈਨੂੰ ਦੱਸ ਕਿ ਉਹ ਕਿੱਥੇ ਬੰਨੀਆਂ ਗਈਆਂ।"

51 ਇਹ ਸਾਰੇ ਹੋਰ ਪ੍ਰਚਾਰਕ ਮਸੀਹ ਬਾਰੇ ਪ੍ਰਚਾਰ ਕਰ ਰਹੇ ਸਨ, ਜਿਵੇਂ ਆਮ ਤੌਰ ਤੇ ਹੁੰਦਾ ਹੈ। ਮੈਂ ਉਹਨਾਂ ਨੂੰ ਸੁਣਿਆ, ਉਹਨਾਂ ਦਾ ਆਨੰਦ ਮਾਣਿਆ। ਪਰ ਉਹ ਬਜੁਰਗ ਲੜਕਾ ਨਹੀਂ! ਉਹ ਸੰਸਾਰ ਦੇ ਸ਼ੁਰੂ ਹੋਣ ਤੋਂ ਲਗਭਗ ਦਸ ਹਜ਼ਾਰ ਸਾਲ ਪਿੱਛੇ ਚਲਾ ਗਿਆ ਸੀ। ਉਹ ਸਵਰਗ ਵਿੱਚ ਗਿਆ ਅਤੇ ਅਕਾਸ਼ ਦੇ

ਪਾਰ ਹੇਠਾਂ ਆ ਗਿਆ, ਜੋ ਕੁਝ ਹੋ ਰਿਹਾ ਸੀ। ਜੋ ਉਹ ਪ੍ਰਚਾਰ ਕਰ ਰਹੇ ਸਨ, ਕਰਦੇ ਜਾ ਰਹੇ ਸਨ, ਦਿਨ ਦੇ ਵੇਲੇ; ਉਹ ਉਸ ਬਾਰੇ ਪ੍ਰਚਾਰ ਕਰ ਰਿਹਾ ਸੀ ਜੋ ਸਵਰਗ ਵਿੱਚ ਹੋ ਰਿਹਾ ਸੀ। ਉਹ ਮਸੀਹ ਨੂੰ ਲੇਟਵੀਂ ਸਤਰੰਗੀ ਪੀਂਘ ਤੇ ਵਾਪਸ ਲਿਆਇਆ, ਮੁੜ ਕਿਤੇ ਅਨੰਤਾ ਵਿੱਚ। ਕਿਉਂ, ਉਸ ਬਜ਼ੁਰਗ ਸਾਥੀ ਨੂੰ ਪ੍ਰਚਾਰ ਕਰਦੇ ਪੰਜ ਮਿੰਟ ਨਹੀਂ ਹੋਏ ਸਨ, ਕਿਸੇ ਚੀਜ਼ ਨੇ ਉਸ ਨੂੰ ਫੜ ਲਿਆ। ਉਸਨੇ ਹਵਾ ਵਿੱਚ ਛਾਲ ਮਾਰੀ ਅਤੇ ਆਪਣੀਆਂ ਅੱਡੀਆਂ ਨੂੰ ਆਪਸ ਵਿੱਚ ਟਕਰਾਇਆ, ਅਤੇ ਚੀਕਿਆ, "ਹੂਪੀ!" ਉਸ ਕੋਲ ਉਨੀ ਹੀ ਜਗ੍ਹਾ ਸੀ ਜਿੰਨੀ ਕੁ ਮੇਰੇ ਕੋਲ ਹੁਣ ਹੈ। ਉਸ ਨੇ ਕਿਹਾ, "ਤੁਹਾਡੇ ਕੋਲ ਮੇਰੇ ਲਈ ਪ੍ਰਚਾਰ ਕਰਨ ਲਈ ਕਾਫ਼ੀ ਜਗ੍ਹਾ ਨਹੀਂ ਹੈ," ਅਤੇ ਉਹ ਚਲਾ ਗਿਆ।

52 ਖੈਰ, ਮੈਂ ਸੋਚਿਆ, "ਜੇ ਇਹ ਅੱਸੀ ਸਾਲਾਂ ਦੇ ਆਦਮੀ ਨਾਲ ਅਜਿਹਾ ਕਰੇਗਾ, ਤਾਂ ਇਹ ਮੇਰੇ ਨਾਲ ਕੀ ਕਰੇਗਾ? ਇਹੀ ਮੈਂ ਚਾਹੁੰਦਾ ਹਾਂ। ਇਹੀ ਮੈਂ ਚਾਹੁੰਦਾ ਹਾਂ।"

53 ਪਰ ਜਿਸ ਚੀਜ ਨੇ ਮੈਨੂੰ ਫ਼ੜਿਆ ਉਹ ਇਹੀ ਹੈ। ਹੁਣ, ਅਸੀਂ ਹੁਣ ਭੂਤਾਂ ਬਾਰੇ ਗੱਲ ਕਰ ਰਹੇ ਹਾਂ। ਮੈਨੂੰ ਕਿਸ ਨੇ ਫ਼ੜਿਆ, ਮੈਂ ਦੋ ਬੰਦਿਆਂ ਨੂੰ ਦੇਖਿਆ। ਇੱਕ ਬੰਦਾ ਇੱਕ ਪਾਸੇ ਬੈਠਾ ਸੀ, ਅਤੇ ਇੱਕ ਦੂਜਾ ਦੂਸਰੇ ਪਾਸੇ। ਅਤੇ ਜਦੋਂ ਆਤਮਾ ਉੱਤਰਦਾ ਸੀ, ਤਾਂ ਉਹ ਆਦਮੀ ਉਠਦੇ ਸਨ ਅਤੇ ਬੋਲੀਆਂ ਬੋਲਦੇ ਸਨ ਅਤੇ ਰੌਲਾ ਪਾਉਂਦੇ ਸਨ, ਅਤੇ ਮੂੰਹ ਵਿੱਚੋਂ ਝੱਗ ਕੱਢਦੇ ਸਨ। ਅਤੇ ਮੈਂ ਸੋਚਿਆ, "ਔਹ, ਮੇਰੇ, ਜੇ ਮੇਰੇ ਕੋਲ ਸਿਰਫ ਇਹ ਹੋ ਸਕਦਾ!" ਸਮਝੇ? "ਕਿੰਨਾ ਸ਼ਾਨਦਾਰ! ਔਹ, ਇਹ ਹੈ…ਮੈਨੂੰ ਇਹ ਪਸੰਦ ਹੈ!" ਖੈਰ, ਮੈਂ ਬਾਹਰ ਮੱਕੀ ਦੇ ਖੇਤ ਵਿੱਚ ਗਿਆ। ਅਤੇ ਮੈਂ ਤੁਹਾਨੂੰ ਆਪਣੀ ਜੀਵਨ ਕਥਾ ਸੁਣਾਈ ਸੀ। ਤੁਸੀਂ ਇਸਨੂੰ ਕਿਤਾਬ ਵਿੱਚ ਪੜ੍ਹੋ। ਮੈਂ ਸਾਰੀ ਰਾਤ ਸੁੱਤਾ ਰਿਹਾ। ਅਤੇ ਮੈਂ ਅਗਲੀ ਸਵੇਰ ਵਾਪਸ ਆ ਗਿਆ, ਇਸ ਲਈ ਮੈਂ ਸੋਚਿਆ ਕਿ ਮੈਂ ਬਸ ਅਜ਼ਮਾ ਕੇ ਵੇਖਾਂਗਾ। ਮੇਰੇ ਕੋਲ ਕੰਮ ਕਰਨ ਦਾ ਇੱਕ ਤਰੀਕਾ ਹੈ ਜਿਸਨੂੰ ਮੇਰੇ ਅਤੇ ਪਰਮੇਸ਼ੁਰ ਤੋਂ ਇਲਾਵਾ ਹੋਰ ਕੋਈ ਨਹੀਂ ਜਾਣਦਾ। ਇਸ ਲਈ, ਮੈਂ ਇੱਕ ਦ੍ਰਿਸ਼ਟਾਂਤ ਲੈਂਦਾ ਹਾਂ ਅਤੇ ਇੱਕ ਆਦਮੀ ਦੀ ਆਤਮਾ ਨੂੰ ਮਿਲਣ ਜਾਂਦਾ ਹਾਂ। ਤੁਸੀਂ ਇਸਨੂੰ ਠੀਕ ਇੱਥੇ ਮੰਚ ਉੱਤੇ ਦੇਖਦੇ ਹੋ। ਸਮਝੇ? ਅਤੇ ਇਸ ਲਈ ਮੈਨੂੰ ਉਨ੍ਹਾਂ ਆਦਮੀਆਂ ਵਿੱਚੋਂ ਇੱਕ ਨਾਲ ਗੱਲ ਕਰਨੀ ਪਈ। ਮੈਂ ਉਨ੍ਹਾਂ ਨੂੰ ਵੇਖਿਆ, ਉਹ ਇਕੱਠੇ ਬੈਠੇ ਹੋਏ ਹਨ, ਅਤੇ ਉਹ ਸਿਰਫ਼ ਹੱਥ ਫੜਦੇ ਸਨ ਅਤੇ ਨੱਚਦੇ ਸਨ ਅਤੇ ਰੌਲਾ ਪਾਉਂਦੇ ਸਨ। ਮੈਂ ਸੋਚਿਆ, "ਔਹ, ਮੇਰੇ, ਮੈਨੂੰ ਇਹ ਅਸਲ ਲੱਗਦਾ ਹੈ!"

54 ਅਤੇ ਮੈਂ ਉਸਦਾ ਇੱਕ ਹੱਥ ਫੜ ਲਿਆ। ਮੈਂ ਕਿਹਾ, "ਤੁਹਾਡਾ ਕੀ ਹਾਲ

ਹੈ, ਸ਼੍ਰੀ ਮਾਨ?”

55 ਉਸ ਨੇ ਕਿਹਾ, “ਤੁਸੀਂ ਕਿਵੇਂ ਹੋ।” ਬਹੁਤ ਵਧੀਆ ਆਦਮੀ, ਸੱਜਣ-ਕਿਸਮ ਦਾ ਬੰਦਾ। ਉਸ ਨੇ ਕਿਹਾ…

ਮੈਂ ਕਿਹਾ, “ਕੀ ਤੁਸੀਂ ਇੱਕ ਸੇਵਕ ਹੋ?”

ਉਸ ਨੇ ਕਿਹਾ, “ਨਹੀਂ, ਸ਼੍ਰੀ ਮਾਨ। ਮੈਂ ਸਿਰਫ਼ ਇੱਕ ਆਮ ਮੈਂਬਰ ਹਾਂ।”

56 ਅਤੇ ਮੈਨੂੰ ਉਸ ਨਾਲ ਥੋੜ੍ਹੀ ਜਿਹੀ ਗੱਲਬਾਤ ਕਰਨੀ ਪਈ ਤਾਂ ਜੋ ਮੈਂ ਉਸਦੀ ਆਤਮਾ ਨੂੰ ਫੜ ਸਕਾਂ। ਸਮਝੇ? ਉਸ ਨੂੰ ਇਹ ਨਹੀਂ ਪਤਾ ਸੀ। ਕਿਸੇ ਨੂੰ ਪਤਾ ਨਹੀਂ ਸੀ। ਮੈਂ ਇਸ ਬਾਰੇ ਕਦੇ ਕੁਝ ਨਹੀਂ ਕਿਹਾ। ਇਸ ਤੋਂ ਪਹਿਲਾਂ ਕਿ ਮੈਂ ਇਸਦਾ ਜ਼ਿਕਰ ਕੀਤਾ, ਸਾਲਾਂ ਬਾਅਦ। ਇਸ ਲਈ ਉਹ…ਪਰ ਜਦੋਂ ਮੈਨੂੰ ਪਤਾ ਲੱਗਾ, ਤਾਂ ਇਹ ਸੱਚ ਸੀ, ਬਿਲਕੁਲ ਸੰਪੂਰਣ, ਇੱਕ ਮਸੀਹੀ ਆਦਮੀ! ਉਹ ਬੰਦਾ ਬਿਲਕੁਲ ਪਰਮੇਸ਼ੁਰ ਦਾ ਸੰਤ ਸੀ। ਮੈਂ ਸੋਚਿਆ, “ਭਾਈ, ਇਹ ਠੀਕ ਹੈ।”

57 ਪਰ ਅਜੀਬ ਹਿੱਸਾ, ਜਦੋਂ ਮੈਂ ਦੂਜੇ ਆਦਮੀ ਨੂੰ ਫ਼ੜਿਆ, ਤਾਂ ਇਹ ਉਸ ਦੇ ਉਲਟ ਸੀ। ਇੱਥੋਂ ਤੱਕ ਕਿ ਉਹ ਇੱਕ ਔਰਤ ਨਾਲ ਰਹਿ ਰਿਹਾ ਸੀ ਜੋ ਉਸਦੀ ਪਤਨੀ ਨਹੀਂ ਸੀ। ਇਹ ਠੀਕ ਹੈ। ਅਤੇ ਮੈਂ ਇਸਨੂੰ ਉਸਦੇ ਵੱਲ ਆਉਂਦੇ ਹੋਏ ਦੇਖਿਆ, ਇੱਕ ਦਰਸ਼ਨ। ਮੈਂ ਸੋਚਿਆ, “ਔਹ, ਮੇਰੇ, ਅਜਿਹਾ ਨਹੀਂ ਹੋ ਸਕਦਾ।” ਅਤੇ ਉਹ ਆਦਮੀ…ਮੈਂ ਸੋਚਿਆ, “ਹੁਣ, ਹੁਣ, ਉਨ੍ਹਾਂ ਲੋਕਾਂ ਵਿੱਚ ਇਹ ਆਤਮਾ ਗਲਤ ਹੈ। ਇਹ ਸਭ ਕੁਝ ਇਸ ਵਿੱਚ ਹੈ।”

58 ਇਸ ਲਈ ਉਸ ਰਾਤ ਜਦੋਂ…ਸਭਾ ਵਿੱਚ ਗਿਆ, ਅਤੇ ਅਸੀਸ ਉੱਤਰ ਰਹੀ ਸੀ, ਮੈਂ ਪਰਮੇਸ਼ੁਰ ਅੱਗੇ ਪ੍ਰਾਰਥਨਾ ਕੀਤੀ, ਅਤੇ ਪਵਿੱਤਰ ਆਤਮਾ, ਪ੍ਰਭੂ ਦੇ ਦੂਤ ਨੇ ਗਵਾਹੀ ਦਿੱਤੀ ਕਿ ਇਹ ਪਵਿੱਤਰ ਆਤਮਾ ਸੀ। ਅਤੇ ਉਹੀ ਜੋ ਆਤਮਾ *ਇਸ* ਆਦਮੀ ਉੱਤੇ ਉੱਤਰ ਰਿਹਾ ਸੀ ਉਹੀ *ਉਸ* ਆਦਮੀ ਉੱਤੇ ਉੱਤਰ ਰਿਹਾ ਸੀ। ਅਤੇ ਜਦੋਂ ਆਤਮਾ ਉੱਤਰਦਾ ਸੀ, ਉਹ ਦੋਵੇਂ ਉਠਦੇ ਸਨ, ਅਤੇ ਉਹ ਦੋਵੇਂ ਚੀਕਦੇ ਅਤੇ ਰੌਲਾ ਪਾਉਂਦੇ ਸਨ ਅਤੇ ਪ੍ਰਭੂ ਦੀ ਉਸਤਤ ਕਰਦੇ ਸਨ, ਅਤੇ ਗੈਰ ਜੁਬਾਨਾਂ ਵਿੱਚ ਬੋਲਦੇ ਅਤੇ ਨੱਚਦੇ ਸਨ। ਮੈਂ ਕਿਹਾ, “ਮੈਂ—ਮੈਂ—ਮੈਂ ਬਸ ਇਸਨੂੰ ਸਮਝ ਨਹੀਂ ਸਕਦਾ, ਪ੍ਰਭੂ। …ਮੈਂ ਇਸਨੂੰ ਬਾਈਬਲ ਵਿੱਚ ਨਹੀਂ ਦੇਖ ਸਕਦਾ, ਜਿੱਥੇ ਇਹ ਸਹੀ ਹੋ ਸਕਦਾ ਹੈ।” ਹੁਣ ਮੈਂ ਕਿਹਾ, “ਸ਼ਾਇਦ ਮੈਂ ਧੋਖਾ ਖਾ ਗਿਆ ਹਾਂ।” ਦੇਖੋ? ਮੈਂ ਕਿਹਾ…ਹੁਣ, ਇੱਥੇ, ਮੈਂ—ਮੈਂ ਨਹੀਂ ਕਰ ਸਕਦਾ…ਮੈਂ ਹਾਂ—ਮੈਂ ਬਾਈਬਲ ਵਿਚ ਸਖਤੀ ਨਾਲ ਬੁਨਿਆਦੀ ਹਾਂ। ਇਸ ਨੂੰ ਇਹੀ ਹੋਣਾ ਚਾਹੀਦਾ ਹੈ। ਸਮਝੇ? ਮੈਂ ਕਿਹਾ, “ਪ੍ਰਭੂ, ਤੁਸੀਂ ਮੇਰੀ ਹਾਲਤ ਨੂੰ ਜਾਣਦੇ ਹੋ, ਅਤੇ ਮੈਂ—ਮੈਂ ਇਸਨੂੰ ਤੁਹਾਡੇ ਵਚਨ ਵਿੱਚ ਵੇਖਣਾ ਹੈ। ਅਤੇ

ਮੈਂ—ਮੈਂ ਸਮਝ ਨਹੀਂ ਸਕਦਾ। ਜਦੋਂ ਪਵਿੱਤਰ ਆਤਮਾ *ਇਸ* ਆਦਮੀ ਉੱਤੇ ਉੱਤਰਦਾ ਹੈ, ਤਾਂ ਪਵਿੱਤਰ ਆਤਮਾ *ਉਸ* ਆਦਮੀ ਉੱਤੇ ਵੀ ਉੱਤਰਦਾ ਹੈ, ਅਤੇ ਉਹਨਾਂ ਵਿੱਚੋਂ ਇੱਕ ਸੰਤ ਹੈ ਅਤੇ ਦੂਜਾ ਇੱਕ ਪਖੰਡੀ ਹੈ। ਅਤੇ ਮੈਨੂੰ ਪਤਾ ਹੈ ਕਿ ਇਹ ਹੈ।" ਮੈਂ ਇਹ ਜਾਣਦਾ ਹਾਂ। ਬਿਨਾ...ਮੈਂ ਉਸ ਆਦਮੀ ਨੂੰ ਬਾਹਰ ਲੈ ਜਾ ਸਕਦਾ ਸੀ ਅਤੇ ਉਸਨੂੰ ਸਾਬਤ ਕਰ ਸਕਦਾ ਸੀ, ਜਾਂ ਉਸਨੂੰ ਉੱਥੇ ਹੀ ਕਹਿੰਦਾ ਅਤੇ ਉਸਨੂੰ ਇਸ ਬਾਰੇ ਦੱਸ ਦਿੰਦਾ।

59 ਜਿਵੇਂ ਮੈਂ ਕਰ ਸਕਦਾ ਸੀ ਕਿ ਉਹ ਆਦਮੀ ਬੀਤੀ ਰਾਤ ਇੱਥੇ ਬੈਠਾ ਸੀ, ਕੁਝ ਨਹੀਂ ਸੀ ਪਰ ਇੱਕ—ਇੱਕ ਢੋਂਗੀ ਸੀ, ਜੇਕਰ ਉੱਥੇ ਕਦੇ ਕੋਈ ਬੈਠਾ ਸੀ। ਅਤੇ ਮੈਨੂੰ ਉਸ ਨੂੰ ਬਾਹਰ ਬੁਲਾਉਣਾ ਚਾਹੀਦਾ ਸੀ, ਪਰ ਉਹ ਉੱਠਦਾ ਅਤੇ ਬਦਬੜਾਉਣਾ ਸ਼ੁਰੂ ਕਰ ਦਿੰਦਾ। ਇਸ ਲਈ ਮੈਂ ਇਸ ਨੂੰ ਜਾਣ ਦਿੱਤਾ, ਸਭਾ ਦੇ ਕਰਕੇ, ਪਰ ਮੈਂ ਉਸਨੂੰ ਜਾਣਦਾ ਸੀ। ਹਾਂ, ਸ਼੍ਰੀਮਾਨ।

ਉੱਥੇ ਇੱਕ, ਉਨ੍ਹਾਂ ਵਿੱਚੋਂ ਦੋ, ਬਿਲਕੁਲ ਉੱਥੇ ਹੀ ਬੈਠੇ ਹੋਏ ਸਨ, ਉਸ ਰਾਤ, ਇੱਥੇ ਸ਼ਹਿਰ ਵਿੱਚ ਇੱਕ ਖਾਸ ਕਲੀਸਿਯਾ ਨਾਲ ਸਬੰਧਤ ਹਨ। ਅਸਲ ਆਲੋਚਕ ਹਨ! ਮੈਂ ਉਨ੍ਹਾਂ ਨੂੰ ਦੇਖਿਆ ਹੈ। ਪਰ, ਜੇ ਤੁਸੀਂ ਚਾਹੁੰਦੇ, ਤਾਂ ਉਹ ਬਸ ਇੱਕ ਮੁਸੀਬਤ ਸ਼ੁਰੂ ਕਰ ਦਿੰਦੇ। ਮੈਂ ਇਸਨੂੰ ਕਈ ਵਾਰ ਕੀਤਾ ਹੈ। ਮੈਂ ਉਨ੍ਹਾਂ ਨੂੰ ਇਕੱਲੇ ਛੱਡ ਦਿੰਦਾ ਹਾਂ, ਸਮਝੇ। ਇਹ ਸਭ ਠੀਕ ਹੈ। ਪਰਮੇਸ਼ੁਰ ਜਾਣਦਾ ਹੈ, ਉਹ ਨਿਆਂਈ ਹੈ। ਉਹਨਾਂ ਨੂੰ ਮੈਨੂੰ ਇੱਕ ਵਾਰ ਬੁਲਾਉਣ ਦਿਓ, ਅਤੇ ਫਿਰ ਤੁਸੀਂ ਦੇਖੋਗੇ ਕਿ ਕੁਝ ਵਾਪਰਦਾ ਹੈ, ਤੁਸੀਂ ਦੇਖੋਗੇ, ਉਸਨੂੰ ਕਰਨ ਦਿਓ।

ਭੂਤ ਵਾਂਗ, ਮੈਂ ਕਦੇ ਵੀ ਭੂਤ ਨੂੰ ਬਾਹਰ ਨਹੀਂ ਬੁਲਾਇਆ। ਉਹ ਮੇਰੇ ਕੋਲ ਆਇਆ ਅਤੇ ਮੈਨੂੰ ਚੁਣੌਤੀ ਦਿੱਤੀ। ਉਦੋਂ ਹੀ ਪਰਮੇਸ਼ੁਰ ਕੰਮ ਕਰਦਾ ਹੈ, ਸਮਝੇ, ਇਹ ਸਹੀ ਹੈ, ਅਤੇ ਤੁਸੀਂ ਦੇਖਿਆ ਕਿ ਕੀ ਹੋਇਆ ਸੀ। ਠੀਕ ਹੈ। ਪਰ ਮੈਂ ਇਸਨੂੰ ਜਾਣ ਦਿੱਤਾ। ਸਭਾ ਨੂੰ ਔਖਾ ਬਣਾ ਦਿੱਤਾ, ਕਿਉਂਕਿ ਉਹ ਆਤਮਾ ਹਰ ਸਮੇਂ ਮੇਰੇ ਵੱਲ ਵੱਧ ਰਹੀ ਸੀ, ਸਮਝੇ। ਅਤੇ ਇਸ ਲਈ ਮੈਂ ਬਸ ਜਾਰੀ ਰੱਖਿਆ।

60 ਪਰ ਹੁਣ, ਇਨ੍ਹਾਂ ਆਦਮੀਆਂ ਨੂੰ, ਮੈਂ ਇਸਨੂੰ ਸਮਝ ਨਹੀਂ ਸਕਿਆ। ਅਤੇ ਇਹ ਦੋ ਸਾਲ ਬਾਅਦ, ਜਾਂ ਤਿੰਨ, ਜਦੋਂ ਮੈਂ ਗ੍ਰੀਨਜ਼ ਮਿੱਲ, ਇੰਡੀਆਨਾ, ਇੱਥੇ, ਸਕਾਊਟ ਰਿਜ਼ਰਵੇਸ਼ਨ ਤੇ ਸੀ। ਮੈਂ ਇੱਕ ਪੁਰਾਣੀ ਗੁਫਾ ਵਿੱਚ ਵਾਪਸ ਆ ਗਿਆ ਸੀ ਜਿੱਥੇ ਮੈਂ ਪ੍ਰਾਰਥਨਾ ਕਰਨ ਜਾਂਦਾ ਹਾਂ। ਅਤੇ ਉੱਥੇ, ਮੈਂ ਕਿਹਾ, "ਪ੍ਰਭੂ, ਮੈਂ ਸਮਝ ਨਹੀਂ ਸਕਦਾ ਕਿ ਲੋਕਾਂ ਦੇ ਉਸ ਸਮੂਹ ਦਾ ਕੀ ਬਣ ਗਿਆ ਹੈ। ਸਭ ਤੋਂ ਵਧੀਆ ਲੋਕ ਜਿਨ੍ਹਾਂ ਨੂੰ ਮੈਂ ਆਪਣੀ ਜ਼ਿੰਦਗੀ ਵਿੱਚ ਕਦੇ ਮਿਲਿਆ ਹਾਂ, ਅਤੇ ਮੈਂ—ਮੈਂ ਸਮਝ ਨਹੀਂ ਸਕਦਾ ਕਿ ਇਹ ਗਲਤ ਆਤਮਾ ਕਿਵੇਂ ਹੋ

ਸਕਦੀ ਹੈ। ਜਦੋਂ ਇਹ ਹੈ...ਜੇਕਰ ਫਿਰ...ਤੁਸੀਂ ਮੇਰੇ ਦਿਲ ਦੀ ਖਰਿਆਈ ਨੂੰ ਜਾਣਦੇ ਹੋ। ਤੁਸੀਂ ਜਾਣਦੇ ਹੋ ਕਿ ਮੈਂ ਤੁਹਾਨੂੰ ਕਿਵੇਂ ਪਿਆਰ ਕਰਦਾ ਹਾਂ ਅਤੇ ਮੈਂ ਤੁਹਾਡੀ ਸੇਵਾ ਕਿਵੇਂ ਕੀਤੀ ਹੈ। ਅਤੇ ਉਹੀ ਆਤਮਾ ਜੋ ਇੱਥੇ ਹੈ, ਮੇਰੇ ਨਾਲ, ਉਨ੍ਹਾਂ ਲੋਕਾਂ ਉੱਤੇ ਵੀ ਸੀ। ਅਤੇ ਇੱਥੇ ਇਹ ਉਸ ਵਿਅਕਤੀ ਉੱਤੇ ਸੀ, ਉਥੇ, ਉਸੇ ਤਰ੍ਹਾਂ।" ਇਸ ਲਈ ਮੈਂ ਸਮਝ ਨਹੀਂ ਸਕਿਆ।

61 ਅਤੇ ਪ੍ਰਭੂ ਆਪਣੀ ਦਯਾ ਵਿੱਚ ਹੇਠਾਂ ਆਇਆ ਅਤੇ ਮੈਨੂੰ ਦਿਖਾਇਆ। ਇਹ ਉਹ ਥਾਂ ਹੈ ਜਿੱਥੇ ਇਹ ਸੀ। ਇਹ ਪਹਿਲਾਂ, ਵਚਨ ਅਨੁਸਾਰ ਹੋਣਾ ਚਾਹੀਦਾ ਹੈ। ਉਸ ਨੇ ਕਿਹਾ, "ਆਪਣੀ ਬਾਈਬਲ ਚੁੱਕ।" ਅਤੇ ਮੈਂ ਆਪਣੀ ਬਾਈਬਲ ਚੁੱਕੀ। ਮੇਰਾ ਅੰਦਾਜ਼ਾ ਹੈ ਕਿ ਮੈਂ ਬਿਨਾਂ ਕਿਸੇ...ਕੋਈ ਹੋਰ ਵਚਨ ਆਉਣ ਤੋਂ ਪਹਿਲਾਂ ਦਸ ਮਿੰਟ ਲਈ ਉਸ ਬਾਈਬਲ ਨੂੰ ਫੜੀ ਰੱਖਿਆ। ਮੈਂ ਕੁਝ ਪਲ ਇੰਤਜ਼ਾਰ ਕੀਤਾ। ਮੈਂ ਉਸਨੂੰ ਦੁਬਾਰਾ ਇਹ ਕਹਿੰਦੇ ਸੁਣਿਆ, "ਇਬਰਾਨੀਆਂ 6 ਵੱਲ ਮੁੜੋ ਅਤੇ ਪੜ੍ਹਨਾ ਸ਼ੁਰੂ ਕਰੋ।" ਅਤੇ ਮੈਂ ਕੀਤਾ। ਅਤੇ ਜਦੋਂ ਇਹ ਉੱਥੇ ਆਇਆ, ਜਿੱਥੇ ਇਸ ਨੇ ਕਿਹਾ, "ਮੀਂਹ ਧਰਤੀ ਉੱਤੇ ਇਸ ਨੂੰ ਪਾਣੀ ਦੇਣ ਅਤੇ ਤਿਆਰ ਕਰਨ ਲਈ ਆਉਂਦਾ ਹੈ, ਇਸ ਨੂੰ ਤਿਆਰ ਕਰਨ ਲਈ ਜੋ ਇਸਦਾ...ਪਰ ਕੰਡਿਆਲੀਆਂ ਅਤੇ ਭੱਖੜੇ, ਜੋ ਅਪਰਵਾਨ ਹੁੰਦੇ ਹਨ, ਜਿਹ ਦਾ ਅੰਤ ਭਸਮ ਕੀਤਾ ਜਾਣਾ ਹੈ।" ਅਤੇ ਮੈਂ ਇਸਨੂੰ ਉੱਥੇ ਹੀ ਫੜ ਲਿਆ।

ਮੈਂ ਸੋਚਿਆ, "ਉੱਥੇ ਇਹ ਹੈ। ਪਰਮੇਸ਼ੁਰ ਦਾ ਧੰਨਵਾਦ ਹੋਵੇ! ਉੱਥੇ ਇਹ ਹੈ।" ਸਮਝੇ?

62 ਹੁਣ, ਯਿਸੂ ਨੇ ਕਿਹਾ, "ਇੱਕ ਬੀਜਣ ਵਾਲਾ ਬੀਜ ਬੀਜਣ ਗਿਆ," ਕੀ ਉਸਨੇ ਨਹੀਂ ਕਿਹਾ? ਹੁਣ, ਇੱਥੇ ਤੁਸੀਂ ਸਾਰੇ ਮਸੀਹੀ ਹੋ। ਹਰ ਕਿਸੇ ਨੇ ਆਪਣੇ ਹੱਥ ਉੱਪਰ ਕੀਤੇ ਸਨ, ਜੋ ਵੀ ਹੋਣ, ਚਾਹੇ ਪੇਂਟੇਕੋਸਟਲ, ਦੁਬਾਰਾ ਜਨਮੇ ਮਸੀਹੀ। ਠੀਕ ਹੈ। ਉਹ...ਅਤੇ ਉਸਨੇ ਕਿਹਾ, "ਇੱਕ ਬੀਜਣ ਵਾਲਾ ਨਿਕਲਿਆ, ਬੀਜ ਬੀਜਦਾ ਹੋਇਆ। ਅਤੇ ਜਦੋਂ ਉਹ ਸੁੱਤਾ ਪਿਆ ਸੀ..." ਉਸ ਦੇ ਆਰਾਮ, ਮੌਤ, ਵਿਚਕਾਰ। ਸਮਝੇ? "ਅਤੇ ਜਦੋਂ ਉਹ ਸੌਂ ਰਿਹਾ ਸੀ, ਇੱਕ ਦੁਸ਼ਮਣ ਆਇਆ ਅਤੇ ਉਸ ਖੇਤ ਵਿੱਚ ਜੰਗਲੀ ਬੂਟੀ ਬੀਜ ਦਿੱਤੀ।" ਜੰਗਲੀ ਬੂਟੀ ਕੀ ਹੈ? ਜੰਗਲੀ ਬੂਟੀ, ਝਾੜੀਆਂ ਅਤੇ ਚੀਜ਼ਾਂ। ਹੁਣ, "ਅਤੇ ਜਦੋਂ ਕਿਸਾਨ (ਪ੍ਰਚਾਰਕ) ਨੇ ਇਨ੍ਹਾਂ ਜੰਗਲੀ ਬੂਟੀਆਂ ਨੂੰ ਵਧਦੇ ਦੇਖਿਆ, ਤਾਂ ਕਿਹਾ, 'ਮੈਨੂੰ ਜਾ ਕੇ ਉਨ੍ਹਾਂ ਨੂੰ ਪੁੱਟਣ ਦਿਓ।' ਉਸ ਨੇ ਕਿਹਾ, 'ਨਹੀਂ, ਨਹੀਂ। ਤੁਸੀਂ ਕਣਕ ਵੀ ਪੁੱਟ ਦਿਓਗੇ। ਦੋਵਾਂ ਨੂੰ ਇਕੱਠੇ ਵੱਧਣ ਦਿਓ।'"

63 ਉੱਥੇ ਇੱਕ ਕਣਕ ਦਾ ਖੇਤ ਹੈ। ਇਸ ਵਿੱਚ ਵੇਲਾਂ, ਕੰਡਿਆਲੀਆਂ

ਝਾੜੀਆਂ, ਬਦਬੂਦਾਰ ਬੂਟੀ, ਹੋਰ ਸਭ ਕੁਝ ਹੈ। ਕੀ ਇਹ ਸਹੀ ਹੈ? ਪਰ, ਹੁਣ, ਉੱਥੇ ਕਣਕ ਵੀ ਹੈ। ਹੁਣ ਮੀਂਹ ਧਰਤੀ ਉੱਤੇ ਪਾਣੀ ਦੇਣ ਲਈ ਆਉਂਦਾ ਹੈ। ਹੁਣ, ਮੀਂਹ ਕਿਸ ਲਈ ਹੈ? ਕੰਡਿਆਲੀਆਂ ਝਾੜੀਆਂ ਨੂੰ ਪਾਣੀ ਦੇਣ ਲਈ ਨਹੀਂ। ਹੁਣ ਦੇਖੋ ਅਤੇ ਧਿਆਨ ਦਿਓ। ਵੇਲਾਂ ਨੂੰ ਪਾਣੀ ਦੇਣ ਲਈ ਨਹੀਂ। ਮੀਂਹ ਕਣਕ ਲਈ ਭੇਜਿਆ ਜਾਂਦਾ ਹੈ, ਪਰ ਕੰਡਿਆਲੀਆਂ ਝਾੜੀਆਂ ਅਤੇ ਨਦੀਨ ਕਣਕ ਵਾਂਗ ਹੀ ਪਿਆਸੇ ਹਨ। ਅਤੇ ਜੋ ਮੀਂਹ ਕਣਕ ਤੇ ਪੈਂਦਾ ਹੈ, ਉਹੀ ਮੀਂਹ ਨਦੀਨਾਂ ਤੇ ਪੈਂਦਾ ਹੈ। ਅਤੇ ਛੋਟੀ ਪੁਰਾਣੀ ਬੂਟੀ ਉਸੇ ਤਰ੍ਹਾਂ ਸਿੱਧੀ ਖੜ੍ਹੀ ਹੋਵੇਗੀ, ਅਤੇ ਖੁਸ਼ ਅਤੇ ਅਨੰਦ, ਜਿਵੇਂ ਛੋਟੀ ਕਣਕ ਖੜ੍ਹੀ ਹੋਵੇਗੀ ਅਤੇ ਆਪਣੇ ਆਪ ਨੂੰ ਉਤਾਹਣ ਖੜ੍ਹੀ ਕਰੇਗੀ।

64 "ਪਰ ਉਨ੍ਹਾਂ ਦੇ ਫਲਾਂ ਤੋਂ ਤੁਸੀਂ ਉਨ੍ਹਾਂ ਨੂੰ ਪਛਾਣੋਗੇ।" ਉਥੇ ਤੁਸੀਂ ਹੋ। ਸਮਝੇ? ਹੁਣ, ਉਹੀ ਪਵਿੱਤਰ ਆਤਮਾ ਇੱਕ ਪਖੰਡੀ ਨੂੰ ਅਸੀਸ ਦੇ ਸਕਦਾ ਹੈ। ਇਸਨੇ ਤੁਹਾਡੇ ਵਿੱਚੋਂ ਕੁਝ ਅਰਮੀਨੀਅਨਾਂ ਨੂੰ ਬਾਹਰ ਕੱਢ ਦਿੱਤਾ, ਪਰ ਇਹ ਸੱਚ ਹੈ। ਇਹੀ ਸੱਚ ਹੈ। ਪਵਿੱਤਰਤਾ ਸਿਖਾਈ ਗਈ ਹੈ, ਜਿਸ ਪਵਿੱਤਰਤਾ ਵਿੱਚ ਮੈਂ ਵੀ ਵਿਸ਼ਵਾਸ ਕਰਦਾ ਹਾਂ। ਪਰ ਉਹੀ ਆਤਮਾ, ਮੀਂਹ ਧਰਮੀ ਅਤੇ ਅਧਰਮੀ ਦੋਹਾਂ ਉੱਤੇ ਪੈਂਦਾ ਹੈ, ਪਰ ਉਹਨਾਂ ਦੇ ਫਲਾਂ ਦੁਆਰਾ ਤੁਸੀਂ ਉਹਨਾਂ ਨੂੰ ਪਛਾਣੋਗੇ।

65 ਜੇ ਮੈਂ ਇੱਧਰ ਵੇਖਦਾ ਹਾਂ ਅਤੇ ਕਣਕ ਲੈਣ ਜਾਂਦਾ ਹਾਂ, ਤਾਂ ਮੈਨੂੰ ਕਣਕ ਮਿਲੇਗੀ, ਪਰ ਸਾਰੀ ਜੰਗਲੀ ਬੂਟੀ ਬੰਨ੍ਹੀ ਹੋਈ ਹੈ। ਅਤੇ ਉਹ ਉਸੇ ਮੀਂਹ ਤੇ ਪਲਦੀ ਹੈ ਜੋ ਕਣਕ ਲਈ ਪਿਆ ਸੀ। ਅਤੇ ਮੀਂਹ ਜੰਗਲੀ ਬੂਟੀ ਲਈ ਨਹੀਂ ਭੇਜਿਆ ਗਿਆ ਸੀ, ਇਹ ਕਣਕ ਲਈ ਭੇਜਿਆ ਗਿਆ ਸੀ। ਪਰ ਮੀਂਹ ਖੇਤ ਵਿੱਚ ਪੈਣ ਕਰਕੇ, ਕਣਕ ਦਾ ਹੋਣਾ...ਕਣਕ ਦੇ ਖੇਤ ਵਿੱਚ ਜੰਗਲੀ ਬੂਟੀ ਦਾ ਹੋਣਾ, ਮੀਂਹ ਦਾ ਉਨਾ ਹੀ ਫਾਇਦਾ ਲਿਆ ਜਿੰਨਾ ਬਾਕੀਆਂ ਨੇ ਲਿਆ। ਅਤੇ ਉਹੀ ਮੀਂਹ ਜਿਸ ਨੇ ਕਣਕ ਨੂੰ ਜਿਉਂਦਾ ਰੱਖਿਆ, ਉਸੇ ਨੇ ਜੰਗਲੀ ਬੂਟੀ ਨੂੰ ਜਿਉਂਦਾ ਰੱਖਿਆ।

66 ਕੁਦਰਤੀ ਕਿਸਮ ਦੀਆਂ ਸਾਰੀਆਂ ਚੀਜ਼ਾਂ ਆਤਮਿਕ ਚੀਜ ਦੀਆਂ ਮਿਸਾਲਾਂ ਹਨ, ਜਿਵੇਂ ਅਸੀਂ ਸਿਖਾ ਰਹੇ ਹਾਂ। ਉੱਥੇ ਇਹ ਹੈ, ਭੂਤ ਵਿਗਿਆਨ, ਭੂਤ ਮਸੀਹਤ ਦੀ ਨਕਲ ਕਰਦੇ ਹਨ, ਫਿਰ ਵੀ, ਬਰਕਤ ਦੇ ਨਾਲ। ਇਹ ਲੱਸੀ ਨਹੀਂ ਹੈ, ਭਰਾਵੋ, ਜੇ ਤੁਸੀਂ ਇਸਨੂੰ ਲੈ ਸਕਦੇ ਹੋ। ਸਮਝੇ? ਸਮਝੇ? ਹੁਣ, ਇਹ ਹੈ—ਇਹ ਸੱਚ ਹੈ।

67 ਇਸ ਲਈ, ਮੈਂ ਅੱਜ ਇਸ ਲਈ ਨਹੀਂ ਬਚਾਇਆ ਗਿਆ ਕਿਉਂਕਿ ਮੈਂ ਚੀਕ ਸਕਦਾ ਹਾਂ। ਮੈਂ ਇਸ ਲਈ ਨਹੀਂ ਬਚਾਇਆ ਗਿਆ ਕਿਉਂਕਿ ਮੈਨੂੰ ਲੱਗਦਾ ਹੈ ਕਿ ਮੈਂ ਬਚ ਗਿਆ ਹਾਂ। ਮੈਂ ਬਚ ਗਿਆ ਹਾਂ ਕਿਉਂਕਿ ਮੈਂ ਇਸ

ਬਾਈਬਲ ਵਿਚਲੀਆਂ ਪਰਮੇਸ਼ੁਰ ਦੀਆਂ ਸ਼ਰਤਾਂ ਨੂੰ ਪੂਰਾ ਕੀਤਾ ਹੈ। ਯਿਸੂ ਨੇ ਕਿਹਾ, "ਉਹ ਜੋ ਮੇਰੇ ਬਚਨਾਂ ਨੂੰ ਸੁਣਦਾ ਹੈ ਅਤੇ ਉਸ ਉੱਤੇ ਵਿਸ਼ਵਾਸ ਕਰਦਾ ਹੈ ਜਿਸਨੇ ਮੈਨੂੰ ਭੇਜਿਆ ਹੈ, ਉਸ ਕੋਲ ਸਦੀਪਕ ਜੀਵਨ ਹੈ, ਅਤੇ ਉਸ ਉੱਤੇ ਸਜਾ ਦਾ ਹੁਕਮ ਨਹੀਂ, ਸਗੋਂ ਮੌਤ ਨੂੰ ਪਾਰ ਕਰਕੇ ਜੀਵਨ ਵਿੱਚ ਚਲਾ ਗਿਆ ਹੈ।" ਮੈਂ ਇਸ ਤੇ ਵਿਸ਼ਵਾਸ ਕਰਦਾ ਹਾਂ। ਇਹ ਠੀਕ ਹੈ। ਅਤੇ ਉਨ੍ਹਾਂ ਸ਼ਰਤਾਂ ਤੇ ਮੈਂ ਬਚ ਗਿਆ ਹਾਂ, ਕਿਉਂਕਿ ਪਰਮੇਸ਼ੁਰ ਨੇ ਅਜਿਹਾ ਕਿਹਾ ਹੈ।

68 ਜੇ ਉਸਨੇ ਮੈਨੂੰ ਦੱਸਿਆ ਕਿ ਤੁਸੀਂ ਬਚ ਗਏ ਹੋ ਕਿਉਂਕਿ ਕਿਸੇ ਨੇ ਕਿਹਾ, "ਇੱਕ ਤੇਜ਼ ਹਵਾ ਦਾ ਬੁੱਲਾ ਮੇਰੇ ਚਿਹਰੇ ਤੇ ਵੱਜਿਆ," ਇਹ ਬਹੁਤ ਵਧੀਆ ਹੈ, ਪਰ ਮੈਂ ਜਾਣਨਾ ਚਾਹੁੰਦਾ ਹਾਂ ਕਿ ਇਹ ਤੇਜ਼ ਹਵਾ ਦਾ ਬੁਲਾ ਕਿੱਥੋਂ ਆਇਆ ਹੈ ਇਸ ਤੋਂ ਪਹਿਲਾਂ ਕਿ ਇਹ ਮੇਰੇ ਚਿਹਰੇ ਤੇ ਵੱਜੇ, ਸਮਝੇ। ਹੁਣ, ਉਸ ਤੇਜ਼ ਤੇਜ਼ ਹਵਾ ਦੇ ਬੁੱਲੇ ਦੇ ਤੁਹਾਡੇ ਨਾਲ ਟਕਰਾਉਣ ਤੋਂ ਬਾਅਦ ਤੁਸੀਂ ਕਿਸ ਤਰ੍ਹਾਂ ਦੀ ਜ਼ਿੰਦਗੀ ਜੀਓਗੇ? ਸਮਝੇ? ਦੇਖੋ, ਤੁਹਾਡੇ ਫਲਾਂ ਦੁਆਰਾ ਤੁਹਾਨੂੰ ਜਾਣਿਆ ਜਾਂਦਾ ਹੈ। ਇਸ ਲਈ, ਭੂਤ ਮਸੀਹੀਆਂ ਵਿੱਚ ਕੰਮ ਕਰ ਸਕਦੇ ਹਨ। ਕੀ ਤੁਸੀਂ ਵਿਸ਼ਵਾਸ ਕਰਦੇ ਹੋ? ਪੌਲੁਸ ਵੱਲ ਦੇਖੋ, ਪੌਲੁਸ ਨੇ ਕਿਹਾ…

69 ਹੁਣ ਇਹ ਉਹ ਥਾਂ ਹੈ ਜਿੱਥੇ ਮਗਰਲੇ-ਦਿਨਾਂ ਵਾਲੀ ਬਰਸਾਤ…ਜੇਕਰ ਤੁਹਾਡੇ ਵਿੱਚੋਂ ਕੋਈ ਇੱਥੇ ਹੈ, ਜੇਕਰ ਮੈਂ ਤੁਹਾਡੇ ਵਿਰੁੱਧ ਕੁਝ ਕਹਿ ਰਿਹਾ ਹਾਂ ਤਾਂ ਮੈਨੂੰ ਮਾਫ਼ ਕਰ ਦਿਓ। ਤੁਹਾਡੇ ਵਿਰੁੱਧ ਉਸ ਨਾਲੋਂ ਕੁਝ ਜਿਆਦਾ ਨਹੀਂ ਕਹਾਂਗਾ ਜਿਨਾ ਮੈਂ ਅਸੈਂਬਲੀਆਂ, ਜਾਂ ਕੋਈ, ਬੈਪਟਿਸਟ, ਜਾਂ ਕਿਸੇ ਹੋਰ ਵਿਰੁੱਧ ਕਹਿੰਦਾ ਹਾਂ। ਇਹ ਸੱਚ ਹੈ ਜੋ ਸੱਚ ਹੈ। ਜਿੱਥੇ ਤੁਸੀਂ ਖੁੰਝ ਗਏ, ਉਹ ਇਹ ਸੀ: ਤੁਸੀਂ ਉਨ੍ਹਾਂ ਮਨੁੱਖਾਂ ਅਤੇ ਚੀਜ਼ਾਂ ਵਿੱਚੋਂ ਨਬੀ ਬਣਾ ਰਹੇ ਹੋ ਜੋ ਨਬੀ ਨਹੀਂ ਹਨ। ਨਬੀ ਉਹ ਨਹੀਂ ਹਨ ਜਿਨ੍ਹਾਂ "ਉੱਤੇ ਹੱਥ ਰੱਖੇ ਜਾਂਦੇ ਹਨ" ਅਤੇ ਬਾਹਰ ਭੇਜੇ ਜਾਂਦੇ ਹਨ। ਨਬੀ ਤਾਂ ਪੈਦਾ ਹੁੰਦੇ ਹਨ। ਸਮਝੇ? ਬਾਈਬਲ ਵਿਚ, ਭਵਿੱਖਬਾਣੀ ਦਾ ਇੱਕ *ਦਾਨ* ਹੈ। ਇਹ ਉਹੀ ਥਾਂ ਹੈ ਜਿੱਥੇ ਤੁਸੀਂ ਗਲਤੀ ਕਰ ਦਿੱਤੀ, ਭਵਿੱਖਬਾਣੀ ਦੇ ਦਾਨ ਅਤੇ ਇੱਕ ਨਬੀ ਦੇ ਵਿਚਕਾਰ। ਦਾਨ…

70 "ਪਰਮੇਸ਼ੁਰ ਨੇ, ਪਿਛਲਿਆਂ ਸਮਿਆਂ ਵਿੱਚ ਨਬੀਆਂ ਦੇ ਰਾਹੀਂ ਸਾਡੇ ਵੱਡਿਆਂ ਨਾਲ ਕਈਆਂ ਹਿੱਸਿਆਂ ਵਿੱਚ ਅਤੇ ਕਈ ਤਰਾਂ ਨਾਲ ਗੱਲ ਕੀਤੀ ਸੀ, ਇਨ੍ਹਾਂ ਦਿਨਾਂ ਦੇ ਅੰਤ ਵਿੱਚ ਸਾਡੇ ਨਾਲ ਪੁੱਤ੍ਰ ਦੇ ਰਾਹੀਂ ਗੱਲ ਕੀਤੀ।" ਅਤੇ ਮਸੀਹ ਦੀ ਦੇਹ ਵਿੱਚ ਨੌਂ ਆਤਮਿਕ ਦਾਨ ਕੰਮ ਕਰ ਰਹੇ ਹਨ। ਅਤੇ ਇਹ ਅੱਜ ਰਾਤ ਨੂੰ *ਇਸ* ਔਰਤ ਤੇ ਹੋ ਸਕਦਾ ਹੈ, ਭਵਿੱਖਬਾਣੀ, ਸ਼ਾਇਦ ਉਸ ਦੀ ਜ਼ਿੰਦਗੀ ਦੇ ਬਾਕੀ ਦੇ ਹਿੱਸੇ ਵਿੱਚ ਕਦੇ ਨਾ ਹੋਵੇ। ਇਹ ਅਗਲੀ ਰਾਤ *ਇਸ* ਔਰਤ ਕੋਲ ਹੋ ਸਕਦਾ ਹੈ। ਅਗਲੀ ਵਾਰ *ਇਸ* ਆਦਮੀ ਕੋਲ ਹੋ ਸਕਦਾ ਹੈ।

ਹੋ ਸਕਦਾ ਹੈ ਕਿ *ਉਸ* ਉੱਤੇ ਹੋਵੇ ਜੋ ਪਿੱਛੇ ਹੈ, ਅਗਲੀ ਵਾਰ। ਇਹ ਉਸਨੂੰ ਨਬੀ ਨਹੀਂ ਬਣਾਉਂਦਾ, ਕਿਸੇ ਨੂੰ ਵੀ ਨਬੀ ਨਹੀਂ ਬਣਾਉਂਦਾ। ਇਹ ਤੁਹਾਡੇ ਵਿੱਚ ਭਵਿੱਖਬਾਣੀ ਦਾ ਦਾਨ ਹੈ।

71 ਅਤੇ ਇਸ ਤੋਂ ਪਹਿਲਾਂ ਕਿ ਉਹ ਆਦਮੀ ਜਾਂ ਉਹ ਭਵਿੱਖਬਾਣੀ ਕਲੀਸਿਯਾ ਨੂੰ ਦਿੱਤੀ ਜਾ ਸਕੇ, ਇਸ ਦਾ ਦੋ ਜਾਂ ਤਿੰਨ ਆਤਮਿਕ ਜਾਜਕਾਂ ਦੇ ਸਾਹਮਣੇ ਨਿਰਣਾ ਕੀਤਾ ਜਾਣਾ ਚਾਹੀਦਾ ਹੈ। ਕੀ ਇਹ ਸਹੀ ਹੈ? ਅਨੁਸਾਰ, ਹੁਣ, ਪੌਲੁਸ ਨੇ ਕਿਹਾ, "ਤੁਸੀਂ ਸਾਰੇ ਭਵਿੱਖਬਾਣੀ ਕਰ ਸਕਦੇ ਹੋ, ਇੱਕ ਇੱਕ ਕਰਕੇ।" ਜੇ *ਇਸ* ਨੂੰ ਕੁਝ ਪ੍ਰਗਟ ਕੀਤਾ ਜਾਂਦਾ ਹੈ, ਤਾਂ *ਉਸ* ਨੂੰ ਚੁੱਪ ਰਹਿਣਾ ਚਾਹੀਦਾ ਹੈ। ਖੈਰ, ਇਹ ਤਾਂ ਫਿਰ ਸਾਰੇ ਝੁੰਡ ਨੂੰ ਨਬੀ ਬਣਾ ਦੇਵੇਗਾ, ਅੱਜ ਦੀ ਸਿੱਖਿਆ ਦੇ ਅਨੁਸਾਰ। ਨਹੀਂ, ਪੇਂਟੇਕੋਸਟਲ ਕਲੀਸਿਯਾ, ਅਸੀਂ ਸਾਰੀਆਂ ਚੀਜ਼ਾਂ ਉਲਝਾ ਦਿੱਤੀਆਂ ਹਨ। ਅਤੇ ਇਹੀ ਕਾਰਨ ਹੈ ਕਿ ਪਰਮੇਸ਼ੁਰ ਅੰਦਰ ਨਹੀਂ ਆ ਸਕਦਾ, ਜਦੋਂ ਤੱਕ ਅਸੀਂ ਗੱਲ ਨੂੰ ਸਿੱਧਾ ਅਤੇ ਬਾਈਬਲ ਅਨੁਸਾਰ ਨਹੀਂ ਕਰ ਲੈਂਦੇ। ਇਹ ਠੀਕ ਹੈ। ਤੁਹਾਨੂੰ ਸਹੀ ਰਸਤਾ ਲੈਣਾ ਚਾਹੀਦਾ ਹੈ। ਤੁਸੀਂ ਨਕਸ਼ੇ ਨੂੰ ਦੇਖੇ ਬਿਨਾਂ ਘਰ ਕਿਵੇਂ ਬਣਾਉਣ ਜਾ ਰਹੇ ਹੋ? ਸਮਝੇ? ਤੁਹਾਨੂੰ ਸਹੀ ਸ਼ੁਰੂਆਤ ਕਰਨੀ ਪਵੇਗੀ।

72 ਹੁਣ, ਉੱਥੇ, ਇੱਕ ਨਬੀ, ਤੁਸੀਂ ਕਦੇ ਵੀ ਕਿਸੇ ਨੂੰ ਯਸਾਯਾਹ, ਮੂਸਾ ਦੇ ਸਾਮ੍ਹਣੇ ਖੜ੍ਹਾ ਨਹੀਂ ਦੇਖਿਆ। ਇੱਕ ਖੜਾ ਹੋਇਆ ਸੀ, ਕੋਰਹ, ਇੱਕ ਦਿਨ, ਅਤੇ ਉਸ ਨਾਲ ਝਗੜਾ ਕਰਨ ਦੀ ਕੋਸ਼ਿਸ਼ ਕੀਤੀ, ਅਤੇ ਪਰਮੇਸ਼ੁਰ ਨੇ ਕਿਹਾ, "ਆਪਣੇ ਆਪ ਨੂੰ ਵੱਖਰਾ ਕਰ, ਮੈਂ ਧਰਤੀ ਨੂੰ ਖੋਲ੍ਹਣ ਜਾ ਰਿਹਾ ਹਾਂ ਅਤੇ..." ਇੱਕ ਨਬੀ ਪੈਦਾ ਹੁੰਦਾ ਹੈ। "ਦਾਨ ਅਤੇ ਬੁਲਾਹਟ...-ਤੋਬਾ ਤੋਂ ਬਗੈਰ।" ਇਹ ਪਰਮੇਸ਼ੁਰ ਦੁਆਰਾ ਪੂਰਵ ਨਿਰਧਾਰਿਤ ਹੁੰਦਾ ਹੈ, ਬਾਲਪੁਣੇ ਤੋਂ। ਸਭ ਕੁਝ ਬਿਲਕੁਲ ਸਹੀ ਸੀ, ਬਿਲਕੁਲ ਜੋ ਉਸਨੇ ਕਿਹਾ ਉਹ ਸੱਚ ਸੀ ਅਤੇ ਸਾਬਤ ਹੋਇਆ ਅਤੇ ਸਾਹਮਣੇ ਲਿਆਇਆ। ਇਹ ਪਰਮੇਸ਼ੁਰ ਦਾ ਵਚਨ ਹੈ, ਜੋ ਨਬੀ ਕੋਲ ਆਉਂਦਾ ਹੈ। ਪਰ ਇੱਕ ਭਵਿੱਖਬਾਣੀ ਦਾਨ ਕਲੀਸਿਯਾ ਵਿੱਚ ਹੈ।

73 ਹੁਣ ਤੁਸੀਂ ਕਹਿੰਦੇ ਹੋ, "ਅੱਛਾ, ਨਬੀ ਪੁਰਾਣੇ ਨੇਮ ਵਿੱਚ ਸਨ।" ਔਹ, ਨਹੀਂ! ਨਵੇਂ ਨੇਮ ਵਿੱਚ ਵੀ ਨਬੀ ਸਨ।

74 ਅਗਾਬਸ ਇੱਕ—ਇੱਕ ਨਵੇਂ ਨੇਮ ਦਾ ਨਬੀ ਸੀ। ਭਵਿੱਖਬਾਣੀ ਦੀ ਆਤਮਾ ਨੂੰ ਉੱਥੇ ਉਤਰਦੀ ਹੋਏ ਅਤੇ ਅਤੇ ਪੌਲੁਸ ਨੂੰ ਇਸ ਬਾਰੇ ਦੱਸਦੇ ਹੋਏ ਵੇਖਿਆ। ਤਦ ਆਗਬੁਸ ਯਰੂਸ਼ਲਮ ਤੋਂ ਆਇਆ, ਅਤੇ ਪੌਲੁਸ ਨੂੰ ਲੱਭਿਆ, ਅਤੇ ਆਪਣੀ ਪੇਟੀ ਨੂੰ ਉਸਦੇ ਲਕ ਦੁਆਲੇ ਬੰਨ੍ਹ ਦਿੱਤਾ, ਅਤੇ ਮੁੜਿਆ ਅਤੇ ਕਿਹਾ, "**ਯਹੋਵਾਹ ਇੰਝ ਫ਼ਰਮਾਉਂਦਾ ਹੈ**, ਉਹ ਆਦਮੀ ਜਿਸਨੇ

ਇਹ ਪਹਿਨਿਆ ਸੀ ਜਦੋਂ ਉਹ ਯਰੂਸ਼ਲਮ ਪਹੁੰਚੇਗਾ ਤਾਂ ਉਸਨੂੰ ਜੰਜ਼ੀਰਾਂ ਨਾਲ ਬੰਨ੍ਹਿਆ ਜਾਵੇਗਾ।" ਅਗਾਬਸ, ਜਿਸ ਨੇ ਖੜ੍ਹਾ ਹੋ ਕੇ ਦੱਸਿਆ, ਭਵਿੱਖਬਾਣੀ ਕੀਤੀ ਕਿ ਕੀ ਵਾਪਰੇਗਾ, ਉਹ ਇੱਕ ਨਬੀ ਸੀ, ਅਜਿਹਾ ਆਦਮੀ ਨਹੀਂ ਜਿਸ ਕੋਲ ਬਸ ਭਵਿੱਖਬਾਣੀ ਦਾ ਦਾਨ ਸੀ।

75 ਅਤੇ ਚੰਗਾਈ ਦਾ ਦਾਨ ਅਤੇ ਉਹ ਸਾਰੇ ਦਾਨ, ਮੇਰੇ ਪੈਂਟੀਕੋਸਟਲ ਦੋਸਤ, ਤੁਸੀਂ ਇਸ ਨੂੰ ਉਲਝਾ ਦਿੱਤਾ ਹੈ। ਦਾਨ ਕਲੀਸਿਯਾ ਵਿੱਚ ਹਨ, ਕਲੀਸਿਯਾ ਦੇ ਕਿਸੇ ਵੀ ਵਿਅਕਤੀ ਦੇ ਅਧੀਨ ਹਨ, ਕੋਈ ਵੀ ਵਿਅਕਤੀ ਜਿਸ ਨੇ ਸਰੀਰ ਵਿੱਚ ਬਪਤਿਸਮਾ ਲਿਆ ਹੈ। "ਸਾਨੂੰ ਸਾਰਿਆਂ ਨੂੰ ਇੱਕੋ ਹੀ ਆਤਮਾ ਦੁਆਰਾ ਬਪਤਿਸਮਾ ਦਿੱਤਾ ਗਿਆ ਹੈ।" ਅਤੇ ਬਾਈਬਲ ਨੇ ਕਿਹਾ...

"ਅੱਛਾ, ਮੇਰੇ ਕੋਲ ਚੰਗਾਈ ਦਾ ਦਾਨ ਹੈ।"

76 ਖੈਰ, ਬਾਈਬਲ ਨੇ ਕਿਹਾ, "ਇੱਕ ਦੂਜੇ ਦੇ ਸਾਹਮਣੇ ਆਪਣੀ ਗਲਤੀ ਦਾ ਇਕਰਾਰ ਕਰੋ, ਅਤੇ ਇੱਕ ਦੂਜੇ ਲਈ ਪ੍ਰਾਰਥਨਾ ਕਰੋ।" ਹਰ ਵਿਅਕਤੀ ਇੱਕ ਦੂਜੇ ਲਈ ਪ੍ਰਾਰਥਨਾ ਕਰੇ। ਅਸੀਂ ਵੰਡਿਆ ਹੋਇਆ ਸਮੂਹ ਨਹੀਂ ਹਾਂ; ਅਸੀਂ ਇੱਕ ਸਮੂਹਿਕ, ਇਕੱਠਾ ਸਮੂਹ ਹਾਂ। ਸਮਝੇ?

ਹੁਣ, ਅਤੇ ਇਹੀ ਉਹ ਥਾਂ ਹੈ ਜਿੱਥੇ ਭੂਤ ਕਈ ਵਾਰ ਕੰਮ ਕਰਦੇ ਹਨ।

77 ਹੁਣ ਦੇਖੋ ਪੌਲੁਸ ਨੇ ਕੀ ਕਿਹਾ, "ਜੇ ਕੋਈ ਪਰਾਈ ਭਾਸ਼ਾ ਬੋਲੇ ਅਤੇ ਅਤੇ ਦੂਜਾ ਉਸਦਾ ਅਰਥ ਕਰੇ, ਅਤੇ ਜੋ ਕੁਝ ਵੀ ਉਹ ਆਖੇ, ਉਸ ਦੀ ਜਾਂਚ ਕੀਤੀ ਜਾਵੇ ਇਸ ਤੋਂ ਪਹਿਲਾਂ ਕਿ ਕਲੀਸਿਯਾ ਉਸ ਨੂੰ ਸਵੀਕਾਰ ਕਰੇ।"

78 ਹੁਣ, ਇਹ ਬਸ ਲਿਖਤਾਂ ਦਾ ਹਵਾਲਾ ਦੇਣਾ ਹੀ ਨਹੀਂ ਹੋਣਾ ਚਾਹੀਦਾ, ਜਾਂ ਇਸ ਤਰ੍ਹਾਂ ਦਾ ਕੁਝ ਹੋਰ। ਪਰਮੇਸ਼ੁਰ ਆਪਣੇ ਆਪ ਨੂੰ ਦੁਹਰਾਉਂਦਾ ਨਹੀਂ ਹੈ। ਪਰ ਇਹ ਕਲੀਸਿਯਾ ਲਈ ਚੇਤਾਵਨੀ ਹੋਣੀ ਚਾਹੀਦੀ ਹੈ। ਫਿਰ ਜੇ ਚੰਗੇ ਜਾਜਕ ਕਹਿੰਦੇ ਹਨ, "ਆਓ ਇਸ ਨੂੰ ਸਵੀਕਾਰ ਕਰੀਏ।" ਠੀਕ ਹੈ, ਇਹ ਪ੍ਰਭੂ ਵੱਲੋਂ ਸੀ। ਦੂਜਾ ਕਹਿੰਦਾ ਹੈ, "ਆਓ ਇਸਨੂੰ ਸਵੀਕਾਰ ਕਰੀਏ।" "ਦੋ ਜਾਂ ਤਿੰਨ ਗਵਾਹਾਂ ਦੇ ਮੂੰਹ, ਹਰ ਗੱਲ ਨੂੰ ਪੱਕਾ ਕੀਤਾ ਜਾਵੇ।" ਫਿਰ ਕਲੀਸਿਯਾ ਇਸਨੂੰ ਸਵੀਕਾਰ ਕਰੇ ਅਤੇ ਇਸਦੇ ਲਈ ਤਿਆਰ ਹੋਵੇ। ਜੇ ਅਜਿਹਾ ਨਹੀਂ ਹੁੰਦਾ, ਜੋ ਉਸਨੇ ਕਿਹਾ ਸੀ, ਤਾਂ ਤੁਹਾਡੇ ਵਿੱਚਕਾਰ ਇੱਕ ਦੁਸ਼ਟ ਆਤਮਾ ਹੈ। ਇਹ ਠੀਕ ਹੈ। ਅਤੇ ਜੇਕਰ ਇਹ ਪੂਰਾ ਹੁੰਦਾ ਹੈ, ਤਾਂ ਪਰਮੇਸ਼ੁਰ ਦਾ ਧੰਨਵਾਦ ਕਰੋ, ਪਰਮੇਸ਼ੁਰ ਦਾ ਆਤਮਾ ਤੁਹਾਡੇ ਵਿਚਕਾਰ ਹੈ। ਸਮਝੇ? ਹੁਣ, ਇਹ ਉਹ ਥਾਂ ਹੈ ਜਿੱਥੇ ਤੁਹਾਨੂੰ ਦੇਖਣਾ ਹੈ ਅਤੇ ਸਾਵਧਾਨ ਰਹਿਣਾ ਚਾਹੀਦਾ ਹੈ। ਇਸ ਲਈ, ਦਬਾਉਣ ਦੀ ਕੋਸ਼ਿਸ਼ ਨਾ ਕਰੋ। ਜਦੋਂ ਮੇਰੀਆਂ ਅੱਖਾਂ ਨੀਲੀਆਂ ਹਨ ਤਾਂ ਮੈਂ ਇਨ੍ਹਾਂ ਨੂੰ ਭੂਰੀਆਂ ਨਹੀਂ ਬਣਾ ਸਕਦਾ, ਦੇਖੋ, ਮੈਨੂੰ ਨੀਲੀਆਂ ਅੱਖਾਂ ਨਾਲ

ਸੰਤੁਸ਼ਟ ਹੋਣਾ ਪਏਗਾ। ਹੁਣ, ਇਹੀ ਉਹ ਥਾਂ ਹੈ ਜਿੱਥੇ ਭੂਤ ਆਤਮਿਕ ਲੋਕਾਂ ਦੇ ਖੇਤਰ ਵਿੱਚ ਕੰਮ ਕਰਦੇ ਹਨ।

79 ਹੁਣ ਸਾਨੂੰ ਇੱਥੇ ਇੱਕ ਡੂੰਘੀ ਚੀਜ਼ ਮਿਲੀ ਹੈ, ਅਤੇ ਮੈਨੂੰ ਉਮੀਦ ਹੈ ਕਿ ਇਹ ਬਹੁਤ ਡੂੰਘੀ ਨਹੀਂ ਹੈ। ਹੁਣ ਪਹਿਲੇ ਸਮੂਏਲ 28 ਵਿੱਚ, ਮੈਂ ਇਸ ਸਮੇਂ ਇੱਥੇ ਕੁਝ ਲਿਖਤਾਂ ਪੜ੍ਹਨਾ ਚਾਹੁੰਦਾ ਹਾਂ। ਮੈਂ ਚਾਹੁੰਦਾ ਹਾਂ ਕਿ ਤੁਸੀਂ ਧਿਆਨ ਨਾਲ ਸੁਣੋ। ਅਤੇ ਮੈਂ ਲਿਆਉਣਾ ਚਾਹੁੰਦਾ ਹਾਂ "ਭੂਤ," ਤੁਹਾਨੂੰ ਦਿਖਾਉਣਾ ਚਾਹੁੰਦਾ ਹਾਂ ਕਿ ਉਹ ਕਲੀਸਿਯਾ ਵਿੱਚ ਕਿਵੇਂ ਕੰਮ ਕਰਦੇ ਹਨ, ਅਤੇ ਕਿਵੇਂ ਸ਼ੈਤਾਨ ਕੋਲ ਹਰ ਅਸਲੀ ਚੀਜ ਲਈ ਇੱਕ ਨਕਲੀ ਚੀਜ ਹੈ। ਹੁਣ ਤੁਸੀਂ ਦੇਖ ਸਕਦੇ ਹੋ, ਬਾਈਬਲ ਦੇ ਅਨੁਸਾਰ, ਭੂਤ ਮਸੀਹੀਆਂ ਵਿੱਚ ਆਉਂਦੇ ਹਨ ਅਤੇ ਉਹ ਨਕਲ ਕਰਦੇ ਹਨ।

80 ਅਤੇ ਕਈ ਵਾਰ ਅਸੀਂ ਲੋਕਾਂ ਨੂੰ ਮਸੀਹੀ ਹੋਣ ਦਾ ਐਲਾਨ ਕੀਤਾ ਹੈ ਜਦੋਂ ਉਨ੍ਹਾਂ ਨੇ ਕਿਹਾ, "ਮੈਨੂੰ ਯਿਸੂ ਮਸੀਹ ਵਿੱਚ ਵਿਸ਼ਵਾਸ ਹੈ।" ਕਿਉਂ, ਭੂਤ ਵੀ ਇਹੋ ਗੱਲ ਤੇ ਵਿਸ਼ਵਾਸ ਕਰਦੇ ਹਨ, ਅਤੇ ਕੰਬਦੇ ਹਨ। ਇਹ ਕੋਈ ਨਿਸ਼ਾਨੀ ਨਹੀਂ ਹੈ ਕਿ ਤੁਸੀਂ ਬਚਾਏ ਗਏ ਹੋ। ਇਹਨਾਂ ਵਿੱਚੋਂ ਇੱਕ ਰਾਤ ਮੈਂ ਚੋਣ ਬਾਰੇ ਗੱਲ ਕਰਨੀ ਚਾਹੁੰਦਾ ਹਾਂ, ਅਤੇ ਫਿਰ ਤੁਸੀਂ ਦੇਖੋਂਗੇ ਕਿ ਮੁਕਤੀ ਦਾ ਕੀ ਅਰਥ ਹੈ। ਸਮਝੇ? ਇਹ ਅਜਿਹਾ ਕੁਝ ਵੀ ਨਹੀਂ ਹੈ ਜਿਸ ਲਈ ਤੁਹਾਨੂੰ ਕੁਝ ਕਰਨਾ ਪਵੇਗਾ, ਪਹਿਲੀ ਗੱਲ, ਜਾਂ ਆਖਰੀ ਗੱਲ, ਜਾਂ ਤੁਸੀਂ ਇਸ ਬਾਰੇ ਕੁਝ ਨਹੀਂ ਕਰ ਸਕਦੇ। ਪਰਮੇਸ਼ੁਰ ਇੱਕ ਆਦਮੀ ਨੂੰ ਬਚਾਉਂਦਾ ਹੈ, ਬਿਨਾਂ ਸ਼ਰਤ ਦੇ। ਲੜਕੇ, ਇਹ ਡੂੰਘਾ ਚਲਾ ਗਿਆ, ਹੈ ਨਾ? ਹੁਣ, ਤੁਸੀਂ ਵੀ ਇਸਨੂੰ ਆਪਣੀ ਸੋਚ ਵਿੱਚੋਂ ਬਾਹਰ ਕੱਢ ਦਿਓ, ਜੱਦ ਅਸੀਂ ਇਸ ਬਾਰੇ ਗੱਲ ਕਰ ਰਹੇ ਹਾਂ। ਠੀਕ ਹੈ।

81 ਅਬਰਾਹਾਮ ਸਾਡੇ ਵਿਸ਼ਵਾਸ ਦੀ ਸ਼ੁਰੂਆਤ ਸੀ। ਕੀ ਇਹ ਸਹੀ ਹੈ? ਔਹ, ਅਬਰਾਹਾਮ ਕੋਲ ਵਾਅਦਾ ਸੀ। ਅਤੇ ਪਰਮੇਸ਼ੁਰ ਨੇ ਅਬਰਾਹਾਮ ਨੂੰ ਬੁਲਾਇਆ ਕਿਉਂਕਿ ਉਹ ਇੱਕ ਮਹਾਨ ਆਦਮੀ ਸੀ, ਮੇਰਾ ਅੰਦਾਜ਼ਾ ਹੈ? ਨਹੀਂ, ਸ਼੍ਰੀ ਮਾਨ। ਉਹ ਬਾਬਲ ਤੋਂ ਬਾਹਰ ਆਇਆ, ਕਸਦੀਆ ਦੀ ਧਰਤੀ ਵਿੱਚ—ਵਿੱਚ, ਊਰ ਸ਼ਹਿਰ ਵਿੱਚ, ਅਤੇ ਪਰਮੇਸ਼ੁਰ ਨੇ ਉਸਨੂੰ ਬੁਲਾਇਆ ਅਤੇ ਉਸਦੇ ਨਾਲ ਆਪਣਾ ਨੇਮ ਬੰਨ੍ਹਿਆ, ਬਿਨਾਂ ਸ਼ਰਤ ਦੇ। "ਮੈਂ ਤੈਨੂੰ ਬਚਾਉਣ ਜਾ ਰਿਹਾ ਹਾਂ। ਅਤੇ ਕੇਵਲ ਤੈਨੂੰ ਹੀ ਨਹੀਂ, ਅਬਰਾਹਾਮ, ਪਰ ਤੇਰੀ ਅੰਸ ਨੂੰ ਵੀ," ਬਿਨਾਂ ਸ਼ਰਤ ਦੇ।

82 ਪਰਮੇਸ਼ੁਰ ਨੇ ਮਨੁੱਖ ਨਾਲ ਨੇਮ ਬੰਨ੍ਹਿਆ, ਅਤੇ ਮਨੁੱਖ ਹਰ ਵਾਰ ਆਪਣਾ ਨੇਮ ਤੋੜ ਦਿੰਦਾ ਹੈ; ਮਨੁੱਖ ਨੇ ਕਦੇ ਵੀ ਪਰਮੇਸ਼ੁਰ ਨਾਲ ਆਪਣਾ ਨੇਮ

ਬਰਕਰਾਰ ਨਹੀਂ ਰੱਖਿਆ (ਸ਼ਰਾ ਨੂੰ ਕਦੇ ਵੀ ਪੂਰਾ ਨਹੀਂ ਕੀਤਾ ਗਿਆ, ਉਹ ਸ਼ਰਾ ਨੂੰ ਪੂਰਾ ਨਹੀਂ ਕਰ ਸਕਦੇ ਸਨ; ਮਸੀਹ ਆਇਆ ਅਤੇ ਸ਼ਰਾ ਨੂੰ ਤੋੜਿਆ, ਖੁਦ।) ਕਿਉਂਕਿ ਕਿਰਪਾ ਪਹਿਲਾਂ ਹੀ ਇੱਕ ਮੁਕਤੀਦਾਤਾ ਪ੍ਰਦਾਨ ਕਰ ਚੁੱਕੀ ਸੀ, ਮੂਸਾ, ਨੇ ਇੱਕ ਬਚਣ ਦਾ ਇੱਕ ਰਸਤਾ ਪ੍ਰਦਾਨ ਕੀਤਾ, ਅਤੇ ਫਿਰ, ਬਚਣ ਦੀ ਬਜਾਏ, ਅਤੇ ਫਿਰ ਲੋਕ, ਉਸ ਤੋਂ ਬਾਅਦ, ਉਹ ਅਜੇ ਵੀ ਕੁਝ ਕਰਨਾ ਚਾਹੁੰਦੇ ਸਨ। ਮਨੁੱਖ ਹਮੇਸ਼ਾ ਆਪਣੇ ਆਪ ਨੂੰ ਬਚਾਉਣ ਲਈ ਕੁਝ ਕਰਨ ਦੀ ਕੋਸ਼ਿਸ਼ ਕਰਦਾ ਹੈ, ਜਦਕਿ ਤੁਸੀਂ ਇਹ ਨਹੀਂ ਕਰ ਸਕਦੇ। ਇਹ ਉਸਦੀ ਫਿਤਰਤ ਹੈ। ਜਿਵੇਂ ਹੀ ਉਸਨੂੰ ਪਤਾ ਲੱਗਾ ਕਿ ਉਹ ਨੰਗਾ ਹੈ, ਅਦਨ ਦੇ ਬਾਗ਼ ਵਿੱਚ, ਉਸਨੇ ਅੰਜੀਰ ਦੇ ਪੱਤਿਆਂ ਦੇ ਰੁਮਾਲ ਬਣਾਏ। ਕੀ ਇਹ ਸਹੀ ਹੈ? ਪਰ ਉਸਨੂੰ ਪਤਾ ਲੱਗਾ ਕਿ ਉਹ ਕੰਮ ਨਹੀਂ ਕਰਨਗੇ। ਅਜਿਹਾ ਕੁਝ ਵੀ ਨਹੀਂ ਜੋ ਮਨੁੱਖ ਆਪਣੇ ਆਪ ਨੂੰ ਬਚਾਉਣ ਲਈ ਕਰ ਸਕਦਾ ਹੈ। ਪਰਮੇਸ਼ੁਰ ਤੁਹਾਨੂੰ ਬਚਾਉਂਦਾ ਹੈ, ਬਿਨਾਂ ਸ਼ਰਤ ਦੇ, ਸਾਰੀ ਉਮਰ ਦੇ ਦੌਰਾਨ। ਅਤੇ ਫਿਰ ਜਦੋਂ ਤੁਸੀਂ ਬਚ ਜਾਂਦੇ ਹੋ, ਤਾਂ ਫਿਰ ਤੁਸੀਂ ਬਚ ਗਏ।

83 ਅਬਰਾਹਾਮ ਵੱਲ ਦੇਖੋ। ਉੱਥੇ ਉਹ ਸਾਥੀ ਸੀ, ਚਲਾ ਗਿਆ, ਅਤੇ ਪਰਮੇਸ਼ੁਰ ਨੇ ਉਸਨੂੰ ਫਲਸਤੀਨ ਦੀ ਧਰਤੀ ਦਿੱਤੀ ਅਤੇ ਉਸਨੂੰ ਉਸ ਨੂੰ ਨਾ ਛੱਡਣ ਲਈ ਕਿਹਾ। ਕੋਈ ਵੀ ਯਹੂਦੀ ਜੋ ਫਲਸਤੀਨ ਨੂੰ ਛੱਡਦਾ ਹੈ ਸੋ ਪਿੱਛੇ ਹਟਿਆ ਹੋਇਆ ਸੀ। ਪਰਮੇਸ਼ੁਰ ਨੇ ਉਸਨੂੰ ਉੱਥੇ ਰਹਿਣ ਲਈ ਕਿਹਾ। ਜੇ ਪਰਮੇਸ਼ੁਰ ਤੁਹਾਨੂੰ ਕੁਝ ਹੋਰ ਕਰਨ ਲਈ ਕਹਿੰਦਾ ਹੈ, ਅਤੇ ਤੁਸੀਂ ਅਜਿਹਾ ਨਹੀਂ ਕਰਦੇ, ਤਾਂ ਤੁਸੀਂ ਪਿੱਛੇ ਹਟ ਜਾਂਦੇ ਹੋ। ਕੀ ਇਹ ਸਹੀ ਹੈ? ਠੀਕ ਹੈ, ਇੱਕ ਸੋਕਾ ਆ ਜਾਂਦਾ ਹੈ, ਅਬਰਾਹਾਮ ਦੇ ਵਿਸ਼ਵਾਸ ਦੀ ਪਰਖ ਕਰਨ ਲਈ। ਅਤੇ ਅਬਰਾਹਾਮ ਉੱਥੇ ਰਹਿਣ ਦੀ ਬਜਾਏ, ਨਹੀਂ, ਉਹ ਉੱਥੇ ਨਹੀਂ ਰਹਿ ਸਕਦਾ ਸੀ, ਉਹ ਭੱਜ ਗਿਆ, ਅਤੇ ਸਾਰਾਹ ਨੂੰ ਲਿਆ ਅਤੇ ਲਗਭਗ ਤਿੰਨ ਸੌ ਮੀਲ (ਕਾਸ਼ ਮੇਰੇ ਕੋਲ ਉਸ ਬਾਰੇ ਗੱਲ ਕਰਨ ਦਾ ਸਮਾਂ ਹੁੰਦਾ) ਕਿਸੇ ਹੋਰ ਧਰਤੀ ਉੱਤੇ ਚਲਾ ਗਿਆ।

84 ਅਤੇ ਜਦੋਂ ਉਹ ਉੱਥੇ ਪਹੁੰਚਿਆ, ਅਤੇ ਫਿਰ ਉਸ ਨੂੰ ਉੱਥੇ ਇੱਕ ਮਹਾਨ ਰਾਜਾ ਮਿਲਿਆ, ਅਬੀਮਲਕ। ਉਹ ਇੱਕ ਜਵਾਨ ਆਦਮੀ ਸੀ ਅਤੇ ਉਹ ਇੱਕ ਪਿਆਰੀ ਦੀ ਤਲਾਸ਼ ਕਰ ਰਿਹਾ ਸੀ, ਇਸ ਲਈ ਉਸਨੂੰ ਅਬਰਾਹਾਮ ਦੀ ਪਤਨੀ ਮਿਲੀ, ਸਾਰਾਹ। ਅਤੇ ਉਸ ਨਾਲ ਪਿਆਰ ਹੋ ਗਿਆ। ਅਤੇ ਅਬਰਾਹਾਮ ਨੇ ਕਿਹਾ, "ਹੁਣ, ਤੂੰ ਉਸਨੂੰ ਆਖੀਂ ਕਿ ਤੂੰ ਮੇਰੀ ਭੈਣ ਹੈਂ ਅਤੇ ਮੈਂ ਤੇਰਾ ਭਰਾ ਹਾਂ।"

85 ਇਸ ਲਈ ਅਬੀਮਲਕ ਨੂੰ ਇਹ ਚੰਗਾ ਲੱਗਾ, ਇਸ ਲਈ ਉਸ ਨੇ ਕਿਹਾ,

“ਠੀਕ ਹੈ, ਅਸੀਂ ਉਸਨੂੰ ਮਹਿਲ ਵਿੱਚ ਲੈ ਜਾਵਾਂਗੇ।” ਅਤੇ ਮੇਰਾ ਅੰਦਾਜ਼ਾ ਹੈ ਕਿ ਔਰਤਾਂ ਨੇ ਉਸ ਨੂੰ ਤਿਆਰ ਕਰ ਦਿੱਤਾ, ਅਤੇ ਉਹ ਅਗਲੇ ਦਿਨ ਉਸ ਨਾਲ ਵਿਆਹ ਕਰਨ ਜਾ ਰਿਹਾ ਸੀ।

86 ਅਤੇ ਅਬੀਮਲਕ ਇੱਕ ਚੰਗਾ ਆਦਮੀ ਸੀ, ਇੱਕ ਧਰਮੀ ਆਦਮੀ ਸੀ। ਅਤੇ ਉਸ ਰਾਤ, ਜਦੋਂ ਉਹ ਸੁੱਤਾ ਪਿਆ ਸੀ, ਪ੍ਰਭੂ ਨੇ ਉਸਨੂੰ ਦਰਸ਼ਨ ਦੇ ਕੇ ਕਿਹਾ, “ਤੂੰ ਇੱਕ ਮਰੇ ਹੋਏ ਆਦਮੀ ਜਿਹਾ ਹੈਂ।” ਉਸ ਨੇ ਕਿਹਾ, “ਆਦਮੀ ਦਾ…ਜਿਹੜੀ ਔਰਤ ਤੂੰ ਵਿਆਹ ਕਰਨ ਲਈ ਲਿਆਂਦੀ ਹੈ, ਉਹ ਕਿਸੇ ਹੋਰ ਆਦਮੀ ਦੀ ਪਤਨੀ ਹੈ।” ਹੁਣ ਦੇਖੋ। “ਕਿਸੇ ਹੋਰ ਆਦਮੀ ਦੀ ਪਤਨੀ।”

87 ਕਿਉਂ, ਉਸਨੇ ਕਿਹਾ, “ਪ੍ਰਭੂ, ਤੁਸੀਂ ਮੇਰੇ ਦਿਲ ਦੀ ਖਰਿਆਈ ਨੂੰ ਜਾਣਦੇ ਹੋ,” ਇੱਕ ਧਰਮੀ, ਪਵਿੱਤਰ ਆਦਮੀ। “ਤੁਸੀਂ ਮੇਰੇ ਦਿਲ ਦੀ ਖਰਿਆਈ ਨੂੰ ਜਾਣਦੇ ਹੋ। ਉਸ ਆਦਮੀ ਨੇ ਮੈਨੂੰ ਦੱਸਿਆ ਕਿ ਇਹ ਉਹ ਉਸਦੀ ‘ਭੈਣ’ ਸੀ। ਅਤੇ ਕੀ ਉਸਨੇ ਮੈਨੂੰ ਨਹੀਂ ਦੱਸਿਆ, ਆਪ ਹੀ, ਕਿ ਉਹ ‘ਮੇਰਾ ਭਰਾ’ ਹੈ?”

88 ਉਸਨੇ ਕਿਹਾ, ਪਰਮੇਸ਼ੁਰ ਨੇ ਕਿਹਾ, “ਮੈਂ ਤੇਰੇ ਦਿਲ ਦੀ ਖਰਿਆਈ ਜਾਣਦਾ ਸੀ, ਅਤੇ ਇਹੀ ਕਾਰਨ ਹੈ ਕਿ ਮੈਂ ਤੈਨੂੰ ਮੇਰੇ ਵਿਰੁੱਧ ਪਾਪ ਕਰਨ ਤੋਂ ਰੋਕਿਆ। ਪਰ ਉਹ ਮੇਰਾ ਨਬੀ ਹੈ!” ਹਲਲੂਯਾਹ!

89 ਉਹ ਕੀ ਸੀ? ਪਿਛਾਂਹ ਹਟਿਆ ਹੋਇਆ, ਅਤੇ ਥੋੜਾ ਜਿਹਾ, ਝੂਠਾ ਬੇਈਮਾਨ। ਕੀ ਇਹ ਸਹੀ ਹੈ? ਔਹ, ਨਹੀਂ, ਇੱਥੇ ਕੋਈ ਛੋਟਾ ਜਿਹਾ ਚਿੱਟਾ ਝੂਠ ਨਹੀਂ ਹੈ। ਉਹ ਜਾਂ ਤਾਂ ਕਾਲੇ ਝੂਠ ਹਨ ਜਾਂ ਉਹ ਬਿਲਕੁਲ ਝੂਠ ਨਹੀਂ ਹਨ। ਬੰਦਾ ਬਾਹਰ ਬੈਠਾ ਝੂਠ ਬੋਲ ਰਿਹਾ ਸੀ, ਇਹ ਕਹਿ ਰਿਹਾ ਸੀ ਕਿ ਉਹ ਉਸਦੀ “ਭੈਣ” ਹੈ ਜਦਕਿ ਇਹ ਉਸਦੀ ਪਤਨੀ ਸੀ, ਏਧਰ ਓਧਰ ਦੀਆਂ ਗਲਾਂ ਮਾਰ ਰਿਹਾ ਸੀ, ਅਤੇ ਪਿਛਾਂਹ ਹੱਟ ਗਿਆ ਸੀ।

90 ਅਤੇ ਇੱਥੇ ਇੱਕ ਧਰਮੀ ਆਦਮੀ ਪਰਮੇਸ਼ੁਰ ਦੇ ਸਾਮ੍ਹਣੇ ਖੜ੍ਹਾ ਸੀ, ਅਤੇ ਕਹਿ ਰਿਹਾ ਸੀ, “ਪ੍ਰਭੂ, ਤੂੰ ਮੇਰੇ ਦਿਲ ਨੂੰ ਜਾਣਦਾ ਹੈ।”

91 “ਪਰ ਮੈਂ ਤੇਰੀ ਪ੍ਰਾਰਥਨਾ ਨਹੀਂ ਸੁਣਾਂਗਾ, ਅਬੀਮਲਕ, ਪਰ ਉਸਨੂੰ… ਉਸਨੂੰ ਉਸ ਕੋਲ ਵਾਪਸ ਲੈ ਜਾ ਅਤੇ ਉਹ ਤੇਰੇ ਲਈ ਪ੍ਰਾਰਥਨਾ ਕਰੇ। ਉਹ ਮੇਰਾ ਨਬੀ ਹੈ; ਮੈਂ ਉਸਦੀ ਸੁਣਾਂਗਾ।” ਹਾਂ, ਇੱਕ ਪਿਛਾਂਹ ਹਟਿਆ ਹੋਇਆ, ਝੂਠਾ, ਪਰ, “ਉਹ ਮੇਰਾ ਨਬੀ ਹੈ।” ਉਹ ਸੱਚ ਹੈ? ਇਹ ਬਾਈਬਲ ਹੈ।

92 ਹੁਣ, ਕੈਲਵਿਨਿਸਟ ਵਾਲੇ ਪਾਸੇ ਬਹੁਤ ਦੂਰ ਨਾ ਜਾਓ, “ਇੱਕ ਵਾਰ ਕਿਰਪਾ ਵਿੱਚ, ਹਮੇਸ਼ਾਂ ਕਿਰਪਾ ਵਿੱਚ,” ਕਿਉਂਕਿ ਤੁਸੀਂ ਬਦਨਾਮ ਹੋਵੋਗੇ। ਸਮਝੇ? ਹੁਣ, ਸਿਰਫ਼ ਇੱਕ ਪਲ, ਸਾਨੂੰ ਇਸ ਹਫ਼ਤੇ ਇਸ ਨੂੰ ਲਿਆਉਣ ਲਈ ਅਤੇ ਇਹ ਦਿਖਾਉਣ ਲਈ ਸਮਾਂ ਮਿਲੇਗਾ ਕਿ ਇਹ ਕਿੰਨਾ ਪੱਧਰਾ ਹੈ। ਪਰ

ਇਹ ਨਾ ਸੋਚੋ ਕਿ ਤੁਸੀਂ ਕੁਝ ਗਲਤ ਕੀਤਾ ਹੈ ਜਿਸ ਕਰਕੇ ਤੁਸੀਂ ਹਮੇਸ਼ਾ ਲਈ ਖਤਮ ਹੋ ਗਏ ਹੋ। ਤੁਸੀਂ ਪਰਮੇਸ਼ੁਰ ਦੇ ਬੱਚੇ ਹੋ, ਤੁਸੀਂ ਪਰਮੇਸ਼ੁਰ ਦੀ ਆਤਮਾ ਤੋਂ ਪੈਦਾ ਹੋਏ ਹੋ, ਤੁਸੀਂ ਪਰਮੇਸ਼ੁਰ ਦੇ ਪੁੱਤਰ ਅਤੇ ਧੀਆਂ ਹੋ, ਅਤੇ ਫਲ ਆਪਣੇ ਆਪ ਦੀ ਸਾਖੀ ਦੇਣਗੇ। ਉਥੇ ਤੁਸੀਂ ਹੋ।

93 ਹੁਣ, ਅਸੀਂ ਇੱਥੇ ਹਾਂ, ਧਰਤੀ ਉੱਤੇ ਬੈਠੇ ਹਾਂ। ਹੁਣ, ਮੈਂ ਇੱਥੇ 6ਵੀਂ ਆਇਤ, ਪੜ੍ਹਨਾ ਚਾਹੁੰਦਾ ਹਾਂ।

*ਅਤੇ ਜਿਸ ਵੇਲੇ ਸ਼ਾਊਲ ਨੇ ਯਹੋਵਾਹ ਕੋਲੋਂ ਸਲਾਹ ਪੁੱਛੀ ਤਾਂ ਯਹੋਵਾਹ ਨੇ ਉਹ ਕੁਝ ਉੱਤਰ ਨਹੀਂ ਦਿੱਤਾ, ਨਾ ਸੁਫ਼ਨਿਆਂ ਦੇ ਰਾਹੀਂ, ਨਾ ਊਰੀਮ ਦੇ ਰਾਹੀਂ ਅਤੇ ਕਿਸੇ ਨਬੀ ਦੇ ਰਾਹੀਂ।*

*ਅਤੇ ਤਦ ਸ਼ਾਊਲ ਨੇ ਆਪਣੇ ਟਹਿਲੂਆਂ ਨੂੰ ਆਖਿਆ, ਮੇਰੇ ਲਈ ਕੋਈ ਅਜਿਹੀ ਤੀਵੀਂ ਭਾਲੋ ਜਿਸ ਦੇ ਭੂਤ ਮਿੱਤ੍ਰ ਹੋਣ, ਜੋ ਮੈਂ ਉਹ ਦੇ ਕੋਲ ਜਾਵਾਂ, ਅਤੇ ਉਸ ਕੋਲੋਂ ਪੁੱਛਾਂ।*

ਮੈਂ ਇੱਥੇ ਹੀ ਡੰਡੇ ਉੱਤੇ ਕੁਝ ਰੱਖ ਸਕਦਾ ਹਾਂ, ਬੱਸ…"ਮੇਰੇ ਲਈ ਕੋਈ ਅਜਿਹੀ ਤੀਵੀਂ ਭਾਲੋ ਜਿਸ ਦੇ ਭੂਤ ਮਿੱਤ੍ਰ ਹੋਣ।"

*…ਅਤੇ ਉਹ ਦੇ ਟਹਿਲੂਆਂ ਨੇ ਉਹ ਨੂੰ ਆਖਿਆ, ਵੇਖੋ, ਏਨ-ਦੋਰ ਵਿੱਚ ਇੱਕ ਤੀਵੀਂ ਹੈ ਜਿਸ ਦਾ ਭੂਤ ਮਿੱਤ੍ਰ ਹੈ।*

*ਸੋ ਸ਼ਾਊਲ ਨੇ ਆਪਣਾ ਭੇਸ ਵਟਾ ਕੇ, ਲੀੜੇ ਪਾ ਲਏ, ਹੋਰ ਲੀੜੇ ਪਾ ਲਏ, ਅਤੇ ਗਿਆ, ਅਰ ਦੋ…ਜਣੇ ਉਹ ਦੇ ਨਾਲ ਸਨ, ਅਤੇ ਰਾਤ ਨੂੰ ਉਸ ਤੀਵੀਂ ਕੋਲ ਅੱਪੜਿਆ: ਅਤੇ ਉਨ੍ਹਾਂ ਆਖਿਆ, ਦਯਾ ਕਰ ਕੇ,…ਆਪਣੇ ਭੂਤ ਮਿੱਤ੍ਰ ਕੋਲੋਂ ਮੇਰੇ ਲਈ ਸਲਾਹ ਪੁੱਛ, ਅਤੇ ਮੇਰੇ ਲਈ ਲਿਆ…ਉੱਪਰ, ਜਿਹ ਦਾ ਨਾਉਂ ਮੈਂ ਤੈਨੂੰ ਦੱਸਾਂ ਉਹ ਨੂੰ ਮੇਰੇ ਲਈ ਉਤਾਹਾਂ ਲਿਆ।*

*ਤਦ ਉਸ ਤੀਵੀਂ ਨੇ ਉਹ ਨੂੰ ਆਖਿਆ, ਵੇਖ, ਤੂੰ ਜਾਣਦਾ ਹੈਂ ਕਿ ਸ਼ਾਊਲ ਨੇ ਕੀ ਕੀਤਾ, ਜਾਣਦੇ ਹੋ, ਕਿੱਕੁਰ ਉਹ ਨੇ ਉਨ੍ਹਾਂ ਸਭਨਾਂ ਨੂੰ ਜਿਨ੍ਹਾਂ ਦੇ ਭੂਤ ਮਿੱਤ੍ਰ ਸਨ, ਅਤੇ…ਦਿਓਯਾਰਾਂ, ਨੂੰ ਦੇਸ ਵਿੱਚੋਂ ਮੁਕਾ ਸੁੱਟਿਆ। ਇਸ ਲਈ…ਫੇਰ ਤੂੰ ਮੇਰੀ ਜਿੰਦ ਕਾਹਨੂੰ ਫਸਾਉਂਦਾ ਹੈਂ, ਜੋ ਮੈਨੂੰ ਮਰਵਾ ਸੁੱਟੇਂ?*

*ਤਦ ਸ਼ਾਊਲ ਨੇ ਉੱਤਰ ਦਿੱਤਾ, ਯਹੋਵਾਹ ਦੇ ਨਾਮ ਦੀ ਸੌਂਹ ਚੁਕ ਕੇ, ਆਖਿਆ, ਜੀਉਂਦੇ ਯਹੋਵਾਹ ਦੀ ਸੌਂਹ, ਇਸ ਗੱਲ ਦਾ ਤੈਨੂੰ ਕੁਝ ਡੰਡ ਨਾ ਮਿਲੇਗਾ…*

*ਤਦ ਉਹ ਤੀਵੀਂ ਬੋਲੀ, ਮੈਂ ਤੇਰੇ ਲਈ ਕਿਸ ਨੂੰ ਉਤਾਂਹਾਂ...ਮੰਗਾਵਾਂ? ਅਤੇ ਉਹ ਬੋਲਿਆ, ਮੇਰੇ ਲਈ ਸਮੂਏਲ ਨੂੰ ਮੰਗਵਾ।*

*ਜਿਸ ਵੇਲੇ ਉਸ ਤੀਵੀਂ ਨੇ ਸਮੂਏਲ ਨੂੰ ਡਿੱਠਾ ਤਾਂ ਉੱਚੀ ਅਵਾਜ਼ ਨਾਲ ਚਿਚਲਾਈ: ਅਤੇ ਉਸ ਤੀਵੀਂ ਨੇ ਸ਼ਾਊਲ ਨੂੰ ਆਖਿਆ, ਤੁਸਾਂ ਮੇਰੇ ਨਾਲ ਛੱਲ ਕਾਹਨੂੰ ਕੀਤਾ? ਕਿਉਂ ਜੋ ਸ਼ਾਊਲ ਤਾਂ ਤੁਸੀਂ ਹੀ ਹੋ।*

*ਤਦ ਪਾਤਸ਼ਾਹ ਨੇ ਉਸ ਨੂੰ ਆਖਿਆ, ਘਾਬਰ ਨਾ: ਤੈਂ ਕੀ ਡਿੱਠਾ ਹੈ? ਉਸ ਤੀਵੀਂ ਨੇ...ਸ਼ਾਊਲ ਨੂੰ ਆਖਿਆ, ਮੈਂ ਇੱਕ ਦਿਓਤੇ ਨੂੰ ਧਰਤੀ ਵਿੱਚੋਂ ਚੜ੍ਹਦਾ ਵੇਖਦੀ ਹਾਂ।*

*ਤਦ ਉਹ ਨੇ ਉਸ ਨੂੰ ਆਖਿਆ, ਉਸ ਦਾ ਸਰੂਪ ਕਿਹੋ ਜਿਹਾ* ਸੀ? *ਅਤੇ ਉਹ ਬੋਲੀ, ਇੱਕ ਬੁੱਢਾ ਮਨੁੱਖ ਉਤਾਹਾਂ ਆਉਂਦਾ ਹੈ ਅਤੇ ਚੱਦਰ ਨਾਲ ਢੱਕਿਆ ਹੋਇਆ ਹੈ। ਅਤੇ* ਸੈਮ-...(ਬੇਸ਼ਕ, ਇਹ ਉਸ ਨਬੀ ਦੀ ਚਾਦਰ ਸੀ। ਵੇਖਿਆ?)...*ਜਾਣ ਲਿਆ ਜੋ ਉਹ ਸਮੂਏਲ ਸੀ, ਅਤੇ ਉਹ ਨੇ...ਮੂੰਹ ਪਰਨੇ ਧਰਤੀ ਉੱਤੇ ਡਿੱਗ ਕੇ ਮੱਥਾ ਟੇਕਿਆ।*

*ਤਦ ਸਮੂਏਲ ਨੇ ਸ਼ਾਊਲ ਨੂੰ ਆਖਿਆ, ਤੂੰ ਮੇਰੇ ਸੁਖ ਵਿੱਚ ਕਾਹਨੂੰ ਭੰਗ ਪਾਇਆ, ਅਤੇ ਮੈਨੂੰ ਉਤਾਹਾਂ ਸੱਦਿਆ? ਅਤੇ ਸ਼ਾਊਲ ਨੇ ਉੱਤਰ ਦਿੱਤਾ, ਅਤੇ ਕਿਹਾ, ਮੈਂ ਬਹੁਤ ਦੁਖ ਵਿੱਚ ਪਿਆ ਹੋਇਆ ਹਾਂ; ਕਿਉਂ ਜੋ ਫਲਿਸਤੀ ਮੇਰੇ ਨਾਲ ਲੜਦੇ ਹਨ ਅਤੇ ਪਰਮੇਸ਼ੁਰ ਨੇ ਮੈਨੂੰ ਤਿਆਗ ਦਿੱਤਾ ਹੈ ਅਤੇ ਕੁਝ ਉੱਤਰ ਨਹੀਂ ਦਿੰਦਾ, ਨਾ ਹੀ* ਨਬੀਆਂ ਦੇ ਰਾਹੀਂ, ਨਾ ਹੀ ਸੁਫ਼ਨੀਆਂ ਦੇ। *ਏਸ ਲਈ ਮੈਂ...ਤੈਨੂੰ* ਸੱਦਿਆ ਹੈ, *ਜੋ ਤੂੰ ਮੈਨੂੰ ਦੱਸੇ ਭਈ ਮੈਂ ਕੀ ਕਰਾਂ।*

*ਅਤੇ ਤਦ ਸਮੂਏਲ ਨੇ ਆਖਿਆ, ਜੇ...ਤੂੰ ਪੁੱਛਦਾ ਹੈਂ...ਮੈਨੂੰ, ਜਦ ਯਹੋਵਾਹ ਨੇ ਤੈਨੂੰ ਛੱਡ ਦਿੱਤਾ ਅਤੇ—ਅਤੇ ਤੇਰਾ ਵੈਰੀ ਬਣਿਆ ਹੈ, ਤਾਂ ਫੇਰ ਮੈਨੂੰ ਕਾਹਨੂੰ ਪੁੱਛਦਾ ਹੈਂ?*

*ਯਹੋਵਾਹ ਨੇ ਤਾਂ ਆਪਣੀ ਵੱਲੋਂ ਉਹੋ ਹੀ* ਕੀਤਾ, *ਜੋ ਉਸ ਨੇ ਮੇਰੇ* ਰਾਹੀਂ *ਆਖਿਆ ਸੀ: ਭਈ ਯਹੋਵਾਹ ਨੇ ਤੇਰੇ ਹੱਥੋਂ ਰਾਜ ਖੋਹ* ਲਿਆ, *ਅਤੇ ਤੇਰੇ ਗੁਆਂਢੀ* ਦਾਊਦ *ਨੂੰ...ਦੇ ਦਿੱਤਾ:*

94 ਹੁਣ, ਤੁਹਾਡੇ ਵਿੱਚੋਂ ਬਹੁਤ ਸਾਰੇ, ਇਸ ਤੋਂ ਜਾਣੂ ਹਨ। ਹੁਣ ਅਸੀਂ ਸਿੱਧੇ ਅੰਦਰ ਜਾਣਾ ਚਾਹੁੰਦੇ ਹਾਂ, ਅਤੇ ਪਰਮੇਸ਼ੁਰ ਹੁਣ ਸਾਡੀ ਮਦਦ ਕਰੇ, ਕੁਝ ਪਲਾਂ ਲਈ, ਇਸ ਵਿੱਚ ਆਉਣ ਲਈ। ਹੁਣ ਦੇਖੋ। ਉੱਥੇ ਇੱਕ ਆਦਮੀ ਸੀ, ਸ਼ਾਊਲ, ਜਿਸਨੂੰ ਕਦੇ ਨਬੀ ਮੰਨਿਆ ਜਾਂਦਾ ਸੀ, ਕਿਉਂਕਿ ਉਸ ਨੇ ਨਬੀਆਂ

ਨਾਲ ਭਵਿੱਖਬਾਣੀ ਕੀਤੀ ਸੀ। ਕੀ ਇਹ ਸਹੀ ਹੈ, ਅਧਿਆਪਕੋ? ਹੁਣ, ਇੱਥੇ ਉਹ ਆਦਮੀ ਪਿੱਛੇ ਹਟ ਗਿਆ ਸੀ। ਕੀ ਇਹ ਸਹੀ ਹੈ? ਪਰ ਯਾਦ ਰੱਖੋ ਕਿ ਸੈਮੂਅਲ ਨੇ ਕਿਹਾ ਸੀ ਕਿ ਉਹ ਕਿੱਥੇ ਹੋਵੇਗਾ, ਉਸ ਦੇ ਨਾਲ, ਅਗਲੇ ਦਿਨ। ਸਮੇਂ ਤੋਂ ਪਹਿਲਾਂ ਚਲਿਆ ਗਿਆ, ਵੇਖੋ। ਠੀਕ ਹੈ, ਜੇ ਤੁਸੀਂ ਪਰਮੇਸ਼ੁਰ ਦੀ ਨਹੀਂ ਮੰਨੋਗੇ, ਤਾਂ ਪਰਮੇਸ਼ੁਰ ਤੁਹਾਨੂੰ ਧਰਤੀ ਤੋਂ ਚੁੱਕ ਲਵੇਗਾ।

95 ਉੱਥੇ ਕੁਰਿੰਥੀਆਂ ਦੀ ਪੱਤਰੀ ਵਿੱਚ ਦੇਖੋ, ਪੌਲੁਸ ਨੇ ਉਨ੍ਹਾਂ ਲੋਕਾਂ ਨੂੰ ਕਿਵੇਂ ਕ੍ਰਮਬੱਧ ਕੀਤਾ। ਉਸ ਨੇ ਕਿਹਾ, "ਸਭ ਤੋਂ ਪਹਿਲਾਂ, ਮੈਂ ਤੁਹਾਡੇ ਲਈ ਪਰਮੇਸ਼ੁਰ ਦਾ ਧੰਨਵਾਦ ਕਰਦਾ ਹਾਂ, ਕਿ ਤੁਹਾਡੇ ਵਿੱਚ ਅਜਿਹੀ ਕੋਈ ਚੀਜ਼ ਨਹੀਂ ਹੈ, ਅਤੇ ਹੋਰ ਵੀ ਬਹੁਤ ਕੁਝ, ਅਤੇ ਇਹ ਕਿਵੇਂ—ਕਿਵੇਂ ਤੁਸੀਂ ਕਿਸੇ ਆਤਮਿਕ ਦਾਨ ਤੋਂ ਵਾਂਝੇ ਨਹੀਂ ਹੋ।" ਉਹਨਾਂ ਨੂੰ ਦੱਸ ਰਿਹਾ ਸੀ ਕਿ ਉਹ ਕੀ ਸਨ, ਅਹੁਦੇ ਦੇ ਅਨੁਸਾਰ, ਮਸੀਹ ਵਿੱਚ। ਫਿਰ ਉਹ ਉਨ੍ਹਾਂ ਉੱਤੇ ਹਥੌੜਾ ਮਾਰਨਾ ਸ਼ੁਰੂ ਕਰ ਦਿੰਦਾ ਹੈ, ਉਨ੍ਹਾਂ ਨੂੰ ਉਨ੍ਹਾਂ ਦੀਆਂ ਮਹਿਲਾ ਪ੍ਰਚਾਰਕਾਂ ਬਾਰੇ ਦੱਸਦਾ ਹੈ, ਅਤੇ ਉਹ ਕੀ ਕਰ ਰਹੀਆਂ ਸਨ, ਅਤੇ ਉਹ ਪ੍ਰਭੂ ਦੇ ਮੇਜ਼ ਤੋਂ ਕਿਵੇਂ ਖਾ ਰਹੇ ਸਨ।

ਅਤੇ ਇੱਥੋਂ ਤਕ ਕਿ ਇੱਕ ਆਦਮੀ ਆਪਣੀ ਮਤਰੇਈ ਮਾਂ ਦੇ ਨਾਲ ਰਹਿੰਦਾ ਸੀ, ਅਤੇ ਉਸਨੇ ਮਸੀਹ ਵਿੱਚ ਇਸ ਆਦਮੀ ਨੂੰ ਕਿਹਾ, "ਉਸਨੂੰ ਸ਼ੈਤਾਨ ਦੇ ਹਵਾਲੇ ਕਰ ਦਿਓ, ਸਰੀਰ ਦੇ ਵਿਨਾਸ਼ ਲਈ, ਤਾਂ ਜੋ ਆਤਮਾ ਨੂੰ ਬਚਾਇਆ ਜਾ ਸਕੇ।" ਦੇਖੋ, ਬੱਸ, ਉਸਨੂੰ ਹਵਾਲੇ ਕਰ ਦਿਓ। ਬਾਈਬਲ ਨੇ ਕਿਹਾ, "ਇਸ ਕਾਰਨ ਤੁਹਾਡੇ ਵਿੱਚੋਂ ਬਹੁਤ ਸਾਰੇ ਬੀਮਾਰ ਅਤੇ ਕਮਜ਼ੋਰ ਹਨ, ਅਤੇ ਬਹੁਤ ਸਾਰੇ ਸੁੱਤੇ ਪਏ ਹਨ," ਪਾਪ ਦੇ ਕਾਰਨ ਸਮੇਂ ਤੋਂ ਪਹਿਲਾਂ ਹੀ ਤੁਰ ਗਏ ਹਨ। ਪਰਮੇਸ਼ੁਰ ਨੇ ਤੁਹਾਨੂੰ ਰਸਤੇ ਵਿੱਚੋਂ ਕੱਢ ਲਿਆ; ਇੱਕ ਚੰਗੀ ਨਿਸ਼ਾਨੀ ਕਿ ਤੁਸੀਂ ਇੱਕ ਮਸੀਹੀ ਸੀ, ਜੇਕਰ ਤੁਹਾਨੂੰ ਲੈ ਲਿਆ ਗਿਆ ਸੀ।

96 ਇਸ ਲਈ, ਹੁਣ ਇੱਥੇ ਧਿਆਨ ਦਿਓ, ਸ਼ਾਊਲ ਨੂੰ ਨਬੀਆਂ ਵਿੱਚੋਂ ਇੱਕ, ਜਾਂ ਨਬੀਆਂ ਵਿੱਚੋਂ ਇੱਕ ਮੰਨਿਆ ਜਾਂਦਾ ਸੀ, ਕਿਉਂਕਿ ਉਸਨੇ ਭਵਿੱਖਬਾਣੀ ਕੀਤੀ ਸੀ। ਅਤੇ ਹੁਣ ਉਹ ਪਿਛਾਂਹ ਹਟ ਗਿਆ ਸੀ, ਕਿਉਂਕਿ ਉਸਨੇ ਪਰਮੇਸ਼ੁਰ ਦੀ ਅਣਆਗਿਆਕਾਰੀ ਕੀਤੀ ਸੀ, ਅਤੇ ਉਸਦਾ ਰਾਜ ਉਸਦੇ ਹੱਥੋਂ ਖੋਹ ਲਿਆ ਗਿਆ ਸੀ ਅਤੇ ਦਾਊਦ ਦੇ ਹੱਥ ਵਿੱਚ ਦਿੱਤਾ ਗਿਆ ਸੀ, ਜਿਸਨੂੰ ਪਰਮੇਸ਼ੁਰ ਨੇ ਸਮੂਏਲ ਦੁਆਰਾ ਮਸਹ ਕੀਤਾ ਸੀ, ਤੇਲ ਦੀ ਕੁੱਪੀ ਨਾਲ।

97 ਧਿਆਨ ਦਿਓ, ਤਦ, ਉਨ੍ਹਾਂ ਕੋਲ ਪਰਮੇਸ਼ੁਰ ਤੋਂ ਚੀਜ਼ਾਂ ਲੱਭਣ ਦੇ ਤਿੰਨ ਤਰੀਕੇ ਸਨ; ਪਹਿਲੀ ਸੀ—ਨਬੀ ਸੀ, ਦੂਜਾ ਸੁਪਨਾ ਸੀ ਅਤੇ ਤੀਜਾ ਊਰੀਮ ਅਰ ਤੁੰਮੀਮ। ਅਤੇ ਉਹ ਵੀ ਉਹ ਜਵਾਬ ਨਹੀਂ ਦਿੰਦੇ ਸਨ। ਹੁਣ, ਤੁਸੀਂ ਜਾਣਦੇ ਹੋ ਕਿ ਇੱਕ ਨਬੀ ਕੀ ਹੈ, ਤੁਸੀਂ ਜਾਣਦੇ ਹੋ ਕਿ ਇੱਕ ਆਤਮਿਕ ਸੁਪਨਾ ਕੀ

ਹੈ, ਅਤੇ ਤੁਸੀਂ ਜਾਣਦੇ ਹੋ ਕਿ ਤੁੰਮੀਮ ਦਾ ਊਰੀਮ ਕੀ ਸੀ। ਤੁਸੀਂ ਜਾਣਦੇ ਹੋ, ਕਿਸੇ ਦਿਨ ਮੈਂ ਇੱਕ—ਇੱਕ ਆਦਮੀ ਨੂੰ ਊਰੀਮ ਬਾਰੇ ਪੁੱਛਿਆ, ਅਤੇ ਉਹ ਆਦਮੀ ਮੈਨੂੰ ਨਹੀਂ ਦੱਸ ਸਕਿਆ ਕਿ ਇਹ ਕੀ ਸੀ, ਤੁੰਮੀਮ ਦਾ ਊਰੀਮ। ਬੇਸ਼ੱਕ, ਪਰਮੇਸ਼ੁਰ ਆਪ ਇਹਨਾਂ ਰਾਹੀਂ ਜਵਾਬ ਦੇ ਰਿਹਾ ਸੀ। ਸਮਝੇ?

98 ਅਤੇ ਸ਼ੈਤਾਨ ਉਹਨਾਂ ਵਿੱਚੋਂ ਹਰ ਇੱਕ ਦੀ ਨਕਲ ਬਣਾਉਂਦਾ ਹੈ; ਜਾਦੂਗਰ, ਝੂਠੇ ਨਬੀ, ਅਤੇ ਜੋਤਸ਼ੀ। ਸਮਝੇ?

ਹੁਣ, ਤੁੰਮੀਮ ਦਾ ਊਰੀਮ ਹਾਰੂਨ ਦੀ ਛਾਤੀ ਉੱਤੇ ਟੰਗਿਆ ਹੋਇਆ ਸੀ, *ਇੱਥੇ*, ਅਤੇ ਤੁੰਮੀਮ ਦਾ ਊਰੀਮ ਉਨ੍ਹਾਂ ਪੱਥਰਾਂ ਨੂੰ ਢੱਕਦਾ ਸੀ। ਅਤੇ ਉਨ੍ਹਾਂ ਨੇ ਇਸਨੂੰ ਮੰਦਰ ਵਿੱਚ ਟੰਗ ਦਿੱਤਾ। ਅਤੇ ਜਦੋਂ ਉਨ੍ਹਾਂ ਨੂੰ ਪੱਕਾ ਯਕੀਨ ਨਹੀਂ ਹੁੰਦਾ ਸੀ, ਤਾਂ ਉਹ ਪਰਮੇਸ਼ੁਰ ਸਾਹਮਣੇ ਜਾਂਦੇ ਸਨ, ਅਤੇ ਤੁੰਮੀਮ ਦੇ ਉਸ ਊਰੀਮ ਉੱਤੇ ਇੱਕ ਰੋਸ਼ਨੀ ਚਮਕਦੀ ਸੀ, ਜੋ, ਕੀ ਇਹ ਪਰਮੇਸ਼ੁਰ ਦੀ ਇੱਛਾ ਸੀ, ਜਾਂ ਨਹੀਂ। ਹੁਣ, ਜਦੋਂ ਤੁੰਮੀਮ ਦਾ ਊਰੀਮ ਜਵਾਬ ਨਹੀਂ ਦਿੰਦਾ ਸੀ…ਹੁਣ, ਇਹ ਪਰਮੇਸ਼ੁਰ ਵੱਲੋਂ ਸਿੱਧਾ ਜਵਾਬ ਹੁੰਦਾ ਸੀ।

ਹੁਣ, ਅੱਜ ਦਾ ਤੁੰਮੀਮ ਦਾ ਊਰੀਮ; ਭਵਿੱਖਬਾਣੀ ਕਰਨ ਵਾਲੇ ਨੇ ਇੱਕ ਸ਼ੀਸ਼ੇ ਦਾ ਗੋਲਾ ਲਿਆ, ਉਸਦੀ ਨਕਲ ਕਰਨ ਲਈ; ਇੱਕ ਨਕਲੀ ਚੀਜ਼। ਪਰਮੇਸ਼ੁਰ ਤ੍ਰਿਏਕਤਾ ਵਿੱਚ ਹੈ; ਪਰਮੇਸ਼ੁਰ ਦੀਆਂ ਸ਼ਕਤੀਆਂ ਤ੍ਰਿਏਕਤਾ ਵਿੱਚ ਹਨ। ਅਤੇ ਸ਼ੈਤਾਨ ਵੀ ਤ੍ਰਿਏਕਤਾ ਵਿੱਚ ਹੈ, ਅਤੇ ਉਸਦੀ ਸ਼ਕਤੀ ਤ੍ਰਿਏਕਤਾ ਵਿੱਚ ਹੈ। ਅਤੇ ਮੈਂ ਇਸਨੂੰ ਬਾਈਬਲ ਦੁਆਰਾ ਸਾਬਤ ਕਰ ਸਕਦਾ ਹਾਂ। ਅਤੇ ਉਹ ਊਰੀਮ ਅਤੇ ਤੁੰਮੀਮ,…ਸਿਰਫ਼ ਸ਼ੀਸ਼ੇ ਦਾ ਗੋਲਾ ਸੀ ਜੋ ਸ਼ਤਾਨ ਅੱਜ ਵਰਤ ਰਿਹਾ ਹੈ। ਅਤੇ ਅੱਜ ਝੂਠਾ ਨਬੀ, ਜੋ ਸਾਡੇ ਕੋਲ ਹੁਣ ਹੈ, ਸੀ, ਜਾਂ, ਜਾਦੂਗਰਣੀ, ਜਾਂ ਭਵਿੱਖ ਦੱਸਣ ਵਾਲਾ, ਨਬੀ ਦੀ ਜਗ੍ਹਾ ਲੈ ਲਈ, ਸ਼ੈਤਾਨ ਵਾਲੇ ਪਾਸੇ। ਸਮਝੇ ਮੇਰਾ ਕੀ ਮਤਲਬ ਹੈ?

99 ਹੁਣ, ਤਾਂ, ਅੱਜ ਊਰੀਮ ਤੁੰਮੀਮ ਇਹ ਬਾਈਬਲ ਹੈ। ਜੇ ਕਿਸੇ ਨੇ ਭਵਿੱਖਬਾਣੀ ਜਾਂ ਸੁਪਨਾ ਦੱਸਿਆ ਹੈ, ਅਤੇ ਇਹ ਪਰਮੇਸ਼ੁਰ ਦੀ ਬਾਈਬਲ ਨਾਲ ਮੇਲ ਨਹੀਂ ਖਾਂਦਾ ਜਾਂ ਹੁੰਗਾਰਾ ਨਹੀਂ ਭਰਦਾ, ਤਾਂ ਇਹ ਝੂਠ ਹੈ। ਇਸ ਤੇ ਵਿਸ਼ਵਾਸ ਨਾ ਕਰੋ।

100 ਜਿਆਦਾ ਚਿਰ ਨਹੀਂ ਹੋਇਆ ਇੱਕ ਆਦਮੀ ਮੇਰੇ ਕੋਲ ਆਇਆ, ਭਾਰਤ ਤੋਂ, ਜਿੱਥੇ ਮੈਂ ਜਾਣ ਦੀ ਤਿਆਰੀ ਕਰ ਰਿਹਾ ਹਾਂ, ਇੱਕ ਵਧੀਆ ਛੋਟਾ ਪ੍ਰਚਾਰਕ। ਉਸ ਨੇ ਕਿਹਾ, "ਭਾਈ ਬ੍ਰਨਹਾਮ, ਮੈਂ ਇੱਥੇ ਆਇਆ ਹਾਂ।" ਉਸ ਨੇ ਕਿਹਾ, "ਇੱਕ ਔਰਤ ਕੋਲ ਪਵਿੱਤਰ ਆਤਮਾ ਸੀ, ਅਤੇ," ਕਿਹਾ, "ਉਹ ਬਸ ਇੱਕ ਸਭ ਤੋਂ ਮਿੱਠੀ, ਸਭ ਤੋਂ ਚੰਗੀ ਔਰਤ ਸੀ।" ਉਸ ਨੇ ਕਿਹਾ, "ਅਤੇ ਉਸਦੇ

ਚਾਰ ਵਾਰ ਵਿਆਹ ਹੋਏ ਸਨ, ਅਤੇ ਉਹ ਆਪਣੇ ਚੌਥੇ ਪਤੀ ਨਾਲ ਰਹਿ ਰਹੀ ਸੀ। ਅਤੇ ਮੈਂ ਕਿਹਾ, 'ਖੈਰ, ਇਹ ਕਿਵੇਂ ਹੋ ਸਕਦਾ ਹੈ, ਪ੍ਰਭੂ?'" ਅਤੇ ਕਿਹਾ, "ਮੈਂ ਉਸ ਕੋਲ ਗਿਆ ਅਤੇ ਕਿਹਾ, 'ਔਹ, ਪਰਮੇਸ਼ੁਰ ਦੀ ਮਹਿਮਾ ਹੋਵੇ!' ਕਿਹਾ, 'ਹਲਲੂਯਾਹ! ਪ੍ਰਭੂ ਦੀ ਮਹਿਮਾ ਹੋਵੇ!'" ਬਸ ਉਸ ਕਿਸਮ ਦਾ ਇੱਕ, ਤੁਹਾਨੂੰ ਪਤਾ ਹੈ। "ਕਿਹਾ, 'ਹਲਲੂਯਾਹ! ਪ੍ਰਭੂ ਦੀ ਉਸਤਤਿ ਹੋਵੇ!'" ਕਿਹਾ, "ਪ੍ਰਭੂ ਨੇ ਮੈਨੂੰ ਦੱਸਿਆ, 'ਇੱਥੇ, ਮੈਂ ਤੈਨੂੰ ਇੱਕ ਸੁਪਨਾ ਦੇਣ ਜਾ ਰਿਹਾ ਹਾਂ।'" ਅਤੇ ਕਿਹਾ, "ਮੈਂ ਸੁਪਨੇ ਵਿਚ ਦੇਖਿਆ ਕਿ ਮੇਰੀ ਪਤਨੀ, ਮੈਂ ਉਸ ਨੂੰ ਵਿਭਚਾਰ ਵਿਚ ਜਿਉਂਦੇ ਦੇਖਿਆ। ਅਤੇ ਉਹ ਮੇਰੇ ਕੋਲ ਵਾਪਸ ਆਈ ਅਤੇ ਕਿਹਾ, 'ਔਹ, ਕੀ ਤੁਸੀਂ ਮੈਨੂੰ ਮਾਫ਼ ਕਰੋਗੇ, ਵਿਕਟਰ? ਕੀ ਤੁਸੀਂ ਮੈਨੂੰ ਮਾਫ਼ ਕਰੋਗੇ? ਮੈਂ ਨਹੀਂ...' 'ਕਿਉਂ,' ਮੈਂ ਕਿਹਾ, 'ਯਕੀਨਨ, ਮੈਂ ਤੁਹਾਨੂੰ ਮਾਫ਼ ਕਰ ਦਿਆਂਗਾ ਅਤੇ ਤੁਹਾਨੂੰ ਵਾਪਸ ਲੈ ਲਵਾਂਗਾ।'" ਉਸ ਨੇ ਕਿਹਾ, "ਹੁਣ, ਇਹ ਉਹ ਹੈ ਜੋ ਮੈਂ ਕੀਤਾ।" ਕਿਹਾ, "ਵੇਖ, ਮੈਂ ਮਾਫ਼ ਕਰਦਾ ਹਾਂ।"

101 ਮੈਂ ਕਿਹਾ, "ਵਿਕਟਰ, ਤੁਹਾਡਾ ਸੁਪਨਾ ਬਹੁਤ ਪਿਆਰਾ ਸੀ, ਪਰ ਇਹ ਤੁਹਾਨੂੰ ਸ਼ਤਾਨ ਨੇ ਦਿੱਤਾ ਹੈ।"

ਉਸ ਨੇ ਕਿਹਾ, "ਕਿਉਂ?"

102 ਮੈਂ ਕਿਹਾ, "ਪਰਮੇਸ਼ੁਰ ਦੇ ਵਚਨ ਨਾਲ ਮੇਲ ਨਹੀਂ ਖਾਂਦਾ। ਉਹ ਵਿਭਚਾਰ ਵਿੱਚ ਜੀ ਰਹੀ ਹੈ। ਬਿਲਕੁਲ। ਉਹ ਚਾਰ ਬੰਦਿਆਂ ਨਾਲ ਨਹੀਂ ਰਹਿ ਸਕਦੀ। ਬਿਲਕੁਲ। ਉਹ ਇਸ ਨੂੰ ਛੱਡ ਦਿੰਦੀ ਹੈ ਅਤੇ ਆਪਣੇ ਪਹਿਲੇ ਕੋਲ ਵਾਪਸ ਚਲੀ ਜਾਂਦੀ ਹੈ, ਉਹ ਉਸ ਤੋਂ ਵੀ ਮਾੜੀ ਹੈ ਜੋ ਉਹ ਸ਼ੁਰੂਆਤ ਵਿੱਚ ਸੀ। ਉਸ ਨੂੰ ਬਾਕੀ ਦੀ ਜ਼ਿੰਦਗੀ, ਇਕੱਲੀ ਹੀ ਰਹਿਣਾ ਪਵੇਗਾ।" ਮੈਂ ਕਿਹਾ, "ਤੁਸੀਂ ਜਾਣਦੇ ਹੋ ਕਿ ਇਹ ਪਰਮੇਸ਼ੁਰ ਦੇ ਵਚਨ ਨਾਲ ਮੇਲ ਨਹੀਂ ਖਾਂਦਾ। ਇਸ ਲਈ ਉਹ... ਤੇਰਾ ਸੁਪਨਾ ਝੂਠਾ ਸੀ।" ਮੈਂ ਕਿਹਾ, "ਇਹ ਇਸ ਨਾਲ ਮੇਲ ਨਹੀਂ ਖਾਏਗਾ।"

103 ਅਤੇ ਜਦੋਂ ਇੱਕ ਨਬੀ ਇੱਕ ਭਵਿੱਖਬਾਣੀ ਕਰਦਾ ਸੀ, ਅਤੇ ਉਹ ਬੋਲਦੇ ਸਨ, ਅਤੇ ਵੇਖਣਾ ਚਾਹੁੰਦੇ ਸਨ ਕਿ ਕੀ ਉਹ ਭਵਿੱਖਬਾਣੀ ਸੱਚ ਹੈ ਜਾਂ ਨਹੀਂ, ਉਹ ਇਸਨੂੰ ਊਰੀਮ ਤੁੰਮੀਮ ਦੇ ਅੱਗੇ ਰੱਖਦੇ ਸਨ। ਅਤੇ ਜੇ ਪਰਮੇਸ਼ੁਰ ਦੀ ਆਵਾਜ਼ ਉਰੀਮ ਤੁੰਮੀਮ ਤੇ ਪ੍ਰਕਾਸ਼ ਪਾਉਂਦੀ ਸੀ, ਤਾਂ ਇਹ ਪੂਰਨ, ਸੱਚ ਹੁੰਦਾ ਸੀ। ਅਤੇ ਜੇ ਕੋਈ ਆਦਮੀ ਕੋਈ ਅਰਥ ਦੱਸਦਾ ਹੈ, ਇੱਕ ਸੁਪਨਾ ਦੱਸਦਾ ਹੈ, ਬਾਈਬਲ ਵਿੱਚੋਂ ਕੁਝ ਦੱਸਦਾ ਹੈ, ਅਤੇ, ਜਾਂ ਕੁਝ ਹੋਰ, ਅਤੇ ਜੇ ਇਹ ਪਰਮੇਸ਼ੁਰ ਦੀ ਬਾਈਬਲ ਨਾਲ ਮੇਲ ਨਹੀਂ ਖਾਂਦਾ, ਇਹ ਝੂਠ ਹੈ। ਉੱਥੇ ਅੱਜ ਦਾ ਊਰੀਮ ਤੁੰਮੀਮ ਹੈ। ਪਰਮੇਸ਼ੁਰ ਦਾ ਵਚਨ ਬੋਲਦਾ ਹੈ, ਅਤੇ ਇਹ ਪਰਮੇਸ਼ੁਰ ਦੀ ਸਿੱਧੀ ਅਵਾਜ ਹੈ, ਜਿਵੇਂ ਬਾਈਬਲ ਦੇ ਲਿਖੇ ਜਾਣ ਤੋਂ ਪਹਿਲਾਂ ਊਰੀਮ ਤੁੰਮੀਮ ਸੀ।

ਆਮੀਨ! ਹਲਲੂਯਾਹ! ਮੈਂ ਇਸ ਸਮੇਂ ਧਾਰਮਿਕ ਮਹਿਸੂਸ ਕਰ ਰਿਹਾ ਹਾਂ। ਮੈਨੂੰ ਇੱਕ ਕੱਟੜਵਾਦੀ ਨਾ ਸਮਝੋ, ਜੇ ਤੁਸੀਂ ਸਮਝ ਰਹੇ ਹੋ। ਮੈਨੂੰ ਪਤਾ ਹੈ, ਮੈਨੂੰ ਪਤਾ ਹੈ ਕਿ ਮੈਂ ਕਿੱਥੇ ਹਾਂ। ਮੈਂ ਜੋਸ਼ ਵਿੱਚ ਨਹੀਂ ਹਾਂ। ਇਹ ਠੀਕ ਹੈ।

104 ਇੱਥੇ ਸੱਚ ਹੈ, ਪਰਮੇਸ਼ੁਰ ਦਾ ਵਚਨ! ਮੈਨੂੰ ਪਰਵਾਹ ਨਹੀਂ ਕਿ ਤੁਸੀਂ ਕਿਹੋ ਜਿਹਾ ਸੁਪਨਾ ਦੇਖਿਆ ਸੀ, ਜਾਂ ਤੁਸੀਂ ਕਿਸ ਕਿਸਮ ਦੀ ਭਵਿੱਖਬਾਣੀ ਕੀਤੀ ਸੀ, ਜੇ ਇਹ ਪਰਮੇਸ਼ੁਰ ਦਾ ਵਚਨ ਨਹੀਂ ਹੈ, ਤਾਂ ਇਹ ਗਲਤ ਹੈ, ਜੇਕਰ ਇਹ ਵਚਨ ਨਾਲ ਮੇਲ ਨਹੀਂ ਖਾਂਦਾ। ਇਹੀ ਅੱਜ ਦੀ ਮੁਸੀਬਤ ਹੈ। ਕਿਸੇ ਕੋਲ ਸੁਪਨਾ ਹੈ, ਕਿਸੇ ਇੱਕ ਕੋਲ ਦਰਸ਼ਨ ਹੈ, ਕਿਸੇ ਇੱਕ ਕੋਲ ਪਰਾਈ ਭਾਸ਼ਾ ਹੈ, ਕਿਸੇ ਇੱਕ ਕੋਲ ਪ੍ਰਕਾਸ਼ਣ ਹੈ; ਇਸ ਨੇ ਸਭ ਗੜਬੜ ਕਰ ਦਿੱਤੀ ਹੈ ਅਤੇ ਸਭ ਕੁਝ, ਤੁਹਾਡੇ ਕੋਲ ਸੰਪਰਦਾਇਕ ਸੰਗਠਣ ਹਨ ਅਤੇ ਸਭ ਕੁਝ ਤੋੜ ਦਿੱਤਾ ਹੈ। ਤੁਹਾਨੂੰ ਇਸਨੂੰ ਇੱਕ ਅੰਤਮ ਬੁਨਿਆਦ ਵਿੱਚ ਵਾਪਸ ਲਿਆਉਣਾ ਚਾਹੀਦਾ ਹੈ, ਅਤੇ ਇਹ ਪਰਮੇਸ਼ੁਰ ਦਾ ਵਚਨ ਹੈ। ਇਹ ਸੱਚ ਹੈ।

105 ਕਲੀਸਿਯਾਵਾਂ ਇੱਕ ਬੁਨਿਆਦ ਉੱਤੇ ਬਣਾਈਆਂ ਜਾਂਦੀਆਂ ਹਨ, ਕਿਹਾ, “ਔਹ, ਯਿਸੂ ਚਿੱਟੇ ਘੋੜੇ ਤੇ ਆ ਰਿਹਾ ਹੈ। ਮੈਨੂੰ ਪਤਾ ਹੈ। ਮੈਂ ਉਸ ਨੂੰ ਦਰਸ਼ਨ ਵਿੱਚ ਦੇਖਿਆ ਸੀ।” ਉਹ ਉਸ ਕਿਸਮ ਦੀ ਕਲੀਸਿਯਾ ਬਣਾਉਂਦੇ ਹਨ। “ਔਹ, ਹਲਲੂਯਾਹ! ਉਹ ਬੱਦਲ ਉੱਤੇ ਆ ਰਿਹਾ ਹੈ।” ਉਹ ਇਸ ਨੂੰ ਇਸ ਕਿਸਮ ਵਿੱਚ ਬਣਾਉਂਦੇ ਹਨ। ਉਹਨਾਂ ਨੂੰ ਤੋੜਦੇ ਹਨ, ਅਤੇ ਵੱਖ ਕਰਦੇ ਹਨ, ਅਤੇ ਇੱਕ ਦੂਜੇ ਨੂੰ “ਬਜ਼ਾਰਡ ਰੂਸਟ,” ਅਤੇ “ਜੂੰਆਂ ਦਾ ਝੁੰਡ” ਬੁਲਾਉਂਦੇ ਹਨ, ਅਤੇ ਅਜਿਹਾ ਸਭ ਕੁਝ। ਕਿਉਂ, ਭਾਈ, ਇਹ ਦਰਸਾਉਂਦਾ ਹੈ, ਪਹਿਲੀ ਥਾਂ ਤੇ, ਜਦੋਂ ਤੁਸੀਂ ਅਜਿਹਾ ਕਰਦੇ ਹੋ ਤਾਂ ਤੁਹਾਡਾ ਦਿਲ ਪਰਮੇਸ਼ੁਰ ਨਾਲ ਸਹੀ ਨਹੀਂ ਹੈ। ਇਹ ਠੀਕ ਹੈ। ਅਸੀਂ ਭਰਾ ਹਾਂ। ਸਾਨੂੰ ਇੱਕ ਦੂਜੇ ਨਾਲ ਜੁੜੇ ਰਹਿਣਾ ਚਾਹੀਦਾ ਹੈ। ਸਾਨੂੰ ਇੱਕ ਦੂਜੇ ਦੀ ਲੋੜ ਹੈ।

106 ਹੁਣ ਦੇਖੋ। ਸ਼ਾਊਲ ਪਿੱਛੇ ਹਟ ਗਿਆ ਸੀ, ਅਤੇ ਉਹ ਉੱਪਰ ਚਲਾ ਗਿਆ। ਉਸ ਨੇ, ਪਰਮੇਸ਼ੁਰ ਨੇ ਉਸ ਤੋਂ ਆਪਣਾ ਮੂੰਹ ਮੋੜ ਲਿਆ ਸੀ। ਅਤੇ ਉਹ ਉੱਪਰ ਗਿਆ ਅਤੇ ਉਸ ਨੇ ਨਬੀਆਂ ਤੋਂ ਪੁੱਛਗਿੱਛ ਕੀਤੀ। ਨਬੀਆਂ ਨੇ ਜਾ ਕੇ ਭਵਿੱਖਬਾਣੀ ਕਰਨ ਦੀ ਕੋਸ਼ਿਸ਼ ਕੀਤੀ, ਅਤੇ ਪਰਮੇਸ਼ੁਰ ਨੇ ਸੰਪਰਕ ਤੋੜ ਲਿਆ, ਉਹ ਦਰਸ਼ਨ ਨਹੀਂ ਦਿੰਦਾ ਸੀ। ਨਬੀ ਬਾਹਰ ਆਇਆ, ਕਿਹਾ, “ਮੈਂ ਨਹੀਂ ਕਰ ਸਕਦਾ। ਨਹੀਂ। ਉਸਨੇ ਮੈਨੂੰ ਤੁਹਾਡੇ ਬਾਰੇ ਕਦੇ ਕੁਝ ਨਹੀਂ ਦੱਸਿਆ।”

107 ਖੈਰ, ਤਦ ਉਸਨੇ ਕਿਹਾ, “ਪ੍ਰਭੂ, ਮੈਨੂੰ ਇੱਕ ਸੁਪਨਾ ਦਿਓ।” ਰਾਤ ਬਰ ਰਾਤ, ਕੋਈ ਸੁਪਨਾ ਨਹੀਂ ਆਇਆ।

108 ਫ਼ੇਰ ਉਹ ਊਰੀਮ ਤੁੰਮੀਮ ਕੋਲ ਗਿਆ ਅਤੇ ਉਸਨੇ ਆਖਿਆ, "ਹੇ ਪਰਮੇਸ਼ੁਰ! ਮੈਂ ਨਬੀਆਂ ਤੋਂ ਪੁੱਛਣ ਦੀ ਕੋਸ਼ਿਸ ਕੀਤੀ ਹੈ, ਮੈਂ ਸੁਪਨਿਆਂ ਲਈ ਕੋਸ਼ਿਸ਼ ਕੀਤੀ ਹੈ, ਹੁਣ ਤੁਸੀਂ ਮੇਰੀ ਮਦਦ ਕਰੋ। ਕੀ ਤੁਸੀਂ ਇਹ ਕਰੋਗੇ?" ਇਸਨੂੰ ਕੱਟ ਦਿੱਤਾ, ਕੋਈ ਵੀ ਰੋਸ਼ਨੀ ਨਹੀਂ ਚਮਕੀ।

109 ਫਿਰ ਉਸਨੇ ਇੱਕ ਜਾਦੂਗਰਨੀ ਦਾ ਸਹਾਰਾ ਲਿਆ, ਨੀਚ, ਭ੍ਰਿਸ਼ਟ। ਅਤੇ ਉਹ ਉਸ ਕੋਲ ਗਿਆ, ਅਤੇ ਉੱਥੇ ਜਾ ਕੇ ਭੇਸ ਬਦਲ ਲਿਆ। ਅਤੇ ਇਹ ਜਾਦੂਗਰਨੀ ਬਾਹਰ ਜਾਂਦੀ ਹੈ ਅਤੇ ਸਮੂਏਲ ਦੀ ਆਤਮਾ ਨੂੰ ਬੁਲਾਉਂਦੀ ਹੈ।

110 ਹੁਣ, ਮੈਂ ਜਾਣਦਾ ਹਾਂ ਕਿ ਤੁਸੀਂ ਕੀ ਸੋਚ ਰਹੇ ਹੋ। ਕਈਆਂ ਨੇ ਕਿਹਾ, "ਉਹ ਸੈਮੂਅਲ ਨਹੀਂ ਸੀ।" ਪਰ ਬਾਈਬਲ ਨੇ ਕਿਹਾ ਕਿ ਉਹ ਸਮੂਏਲ ਸੀ, ਅਤੇ ਉਹ ਸਮੂਏਲ ਹੀ ਸੀ। ਅਜੀਬ ਗੱਲ ਹੈ ਕਿ ਤੁਸੀਂ ਇਸ ਨੂੰ ਕਿਵੇਂ ਸਮਝਦੇ ਹੋ, ਹੈ ਨਾ? ਪਰ ਉਹ ਸਮੂਏਲ ਸੀ। ਬਾਈਬਲ ਨੇ ਕਿਹਾ ਕਿ ਉਹ ਸੀ।

111 ਅਤੇ ਉਹ ਜਾਦੂਗਰਨੀ ਉਸਨੂੰ ਬੁਲਾ ਸਕਦੀ ਸੀ, ਅਤੇ ਉਸਨੇ ਸਮੂਏਲ ਨੂੰ ਉਤਾਹਾਂ ਬੁਲਾਇਆ। ਅਤੇ ਸਮੂਏਲ ਕਿਤੇ ਹੋਰ ਸੀ, ਪਰ ਉਹ ਜਾਣਦਾ ਸੀ ਕਿ ਕੀ ਹੋ ਰਿਹਾ ਸੀ, ਅਤੇ ਅਜੇ ਵੀ ਉਸ ਉੱਤੇ ਆਪਣੇ ਨਬੀ ਦਾ ਚੋਗਾ ਲੈ ਕੇ ਖੜ੍ਹਾ ਸੀ। ਇਸ ਲਈ, ਭਾਈ, ਜਦੋਂ ਤੁਸੀਂ ਮਰਦੇ ਹੋ, ਤੁਸੀਂ ਮਰੇ ਹੋਏ ਨਹੀਂ ਹੋ, ਤੁਸੀਂ ਕਿਤੇ, ਕਿਤੇ ਹੋਰ ਜੀ ਰਹੇ ਹੁੰਦੇ ਹੋ।

112 ਮੈਨੂੰ ਇੱਕ ਮਿੰਟ ਰੁਕਣ ਦਿਓ, ਇਸ ਭੂਤ ਵਿਗਿਆਨ ਨੂੰ ਥੋੜਾ ਜਿਹਾ ਹੇਠਾਂ ਲਿਆਉਣ ਲਈ। ਉਹ ਇੱਕ ਭੂਤ ਸੀ, ਪਰ ਉਹ ਆਤਮਿਕ ਸੰਸਾਰ ਨਾਲ ਨਜ਼ਦੀਕੀ ਸੰਪਰਕ ਵਿੱਚ ਸੀ। ਹੁਣ, ਅੱਜ, ਬਹੁਤ ਸਾਰੇ ਆਤਮਿਕ ਹਨ ਜੋ ਆਤਮਿਕ ਜਗਤ ਬਾਰੇ ਉਨ੍ਹਾਂ ਨਾਲੋਂ ਵਧੇਰੇ ਜਾਣਦੇ ਹਨ ਜਿਹੜੇ ਲੋਕ ਆਪਣੇ ਆਪ ਨੂੰ ਮਸੀਹੀ ਹੋਣ ਦਾ ਦਾਅਵਾ ਕਰਦੇ ਹਨ, ਫਿਰ ਵੀ ਉਹ ਇੱਕ ਭੂਤ ਸੀ। ਬਾਈਬਲ ਦੇ ਸਮਿਆਂ ਵਿਚ ਵੀ ਇਹੀ ਗੱਲ ਸੀ।

113 ਜਦੋਂ ਯਿਸੂ ਇੱਥੇ ਧਰਤੀ ਉੱਤੇ ਸੀ, ਉੱਥੇ ਉਹ ਪ੍ਰੋਫੈਸਰ ਅਤੇ ਵਿਦਵਾਨ ਅਤੇ ਅਧਿਆਪਕ ਸਨ, ਉੱਤਮ ਲੋਕਾਂ ਵਿੱਚੋਂ ਕੁਝ ਸਨ, ਉਨ੍ਹਾਂ ਸੈਮੀਨਰੀਆਂ ਤੋਂ ਵੀ ਵੱਧ ਜੋ ਅਸੀਂ ਅੱਜ ਪੈਦਾ ਕਰ ਸਕਦੇ ਹਾਂ। ਅਤੇ ਪਵਿੱਤਰ, ਪ੍ਰਸਿੱਧ ਆਦਮੀ, ਉਹਨਾਂ ਨੂੰ ਹੋਣਾ ਚਾਹੀਦਾ ਸੀ। ਜੇ ਕੋਈ ਲੇਵੀ ਪਾਇਆ ਜਾਂਦਾ, ਤਾਂ ਉਸ ਨੂੰ ਹਰ ਤਰ੍ਹਾਂ ਨਾਲ ਨਿਰਦੋਸ਼, ਧਰਮੀ ਪਾਇਆ ਜਾਣਾ ਚਾਹੀਦਾ ਸੀ। ਅਤੇ ਫਿਰ ਵੀ ਉਹ ਆਦਮੀ ਪਰਮੇਸ਼ੁਰ ਬਾਰੇ ਉਸ ਤੋਂ ਵੱਧ ਨਹੀਂ ਜਾਣਦਾ ਸੀ ਜਿੰਨਾ ਇੱਕ ਖਰਗੋਸ਼ ਬਰਫ਼ ਦੀਆਂ ਜੁੱਤੀਆਂ ਬਾਰੇ ਜਾਣਦਾ ਹੈ। ਜਦੋਂ ਯਿਸੂ ਆਇਆ, ਉਹ ਉਸਨੂੰ ਪਛਾਣਨ ਵਿੱਚ ਅਸਫਲ ਰਹੇ, ਅਤੇ ਉਸਨੇ ਯਿਸੂ ਨੂੰ "ਸ਼ਤਾਨ" ਆਖਿਆ। ਉਸ ਨੇ ਕਿਹਾ, "ਉਹ ਬਾਅਲਜਬੂਬ ਹੈ, ਭੂਤਾਂ ਦਾ ਸਰਦਾਰ।" ਕੀ

ਇਹ ਸਹੀ ਹੈ?

114 ਅਤੇ ਇੱਥੇ ਇੱਕ ਸਭ ਤੋਂ ਨੀਚ ਕਿਸਮ ਦਾ ਭੂਤ ਆਇਆ, ਜਿਸ ਨੇ ਇੱਕ ਆਦਮੀ ਨੂੰ ਕਬਰਾਂ ਵਿੱਚ ਬੰਨ੍ਹਿਆ ਹੋਇਆ ਸੀ, ਅਤੇ ਸਭ ਕੁਝ, ਅਤੇ ਉਹਨਾਂ ਨੇ ਪੁਕਾਰਿਆ। ਸ਼ੈਤਾਨ ਨੇ ਆਪ ਕਿਹਾ, "ਅਸੀਂ ਜਾਣਦੇ ਹਾਂ ਕਿ ਤੂੰ ਕੌਣ ਹੈਂ। ਤੂੰ ਪਰਮੇਸ਼ੁਰ ਦਾ ਪੁੱਤਰ ਹੈਂ, ਪਵਿੱਤਰ ਪੁਰਖ।" ਕੀ ਇਹ ਸਹੀ ਹੈ? ਜਾਦੂਗਰਨੀਆਂ ਅਤੇ ਜਾਦੂਗਰਾਂ ਨੇ, ਭੂਤਾਂ ਨੇ, ਉਸਨੂੰ ਪਰਮੇਸ਼ੁਰ ਦਾ ਪੁੱਤਰ ਮੰਨਿਆ; ਜਦਕਿ ਪੜ੍ਹੇ ਲਿਖੇ, ਧਰਮ ਸ਼ਾਸਤਰੀ ਸੈਮੀਨਰੀ ਪ੍ਰਚਾਰਕਾਂ ਨੇ ਉਸਨੂੰ ਬਾਅਲਜਬੂਬ ਵਜੋਂ ਮਾਨਤਾ ਦਿੱਤੀ। ਕਿਹੜਾ ਸਹੀ ਸੀ, ਸ਼ੈਤਾਨ ਜਾਂ ਪ੍ਰਚਾਰਕ? ਸ਼ੈਤਾਨ ਸਹੀ ਸੀ। ਅਤੇ, ਭਾਈ, ਇਹ ਅੱਜ ਬਹੁਤ ਜ਼ਿਆਦਾ ਨਹੀਂ ਬਦਲਿਆ ਹੈ। ਉਹ ਪਰਮੇਸ਼ੁਰ ਦੀ ਸ਼ਕਤੀ ਨੂੰ ਨਹੀਂ ਪਛਾਣਦੇ।

115 ਇਸ ਗੱਲ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਤੁਹਾਡੇ ਕੋਲ ਕਿੰਨੀ ਸਿੱਖਿਆ ਹੈ, ਤੁਸੀਂ ਉਸ ਨੂੰ ਆਪਣੇ ਅੰਦਰ ਪਿੱਟ ਸਕਦੇ ਹੋ। ਪਰਮੇਸ਼ੁਰ ਵੱਡੇ ਸ਼ਬਦਾਂ ਵਿੱਚ ਨਹੀਂ ਹੈ। ਪਰਮੇਸ਼ੁਰ ਇੱਕ ਇਮਾਨਦਾਰ ਦਿਲ ਵਿੱਚ ਹੈ। ਤੁਸੀਂ ਇੱਥੇ ਖੜ੍ਹੇ ਹੋ ਸਕਦੇ ਹੋ, ਵੱਡੇ ਵੱਡੇ ਸ਼ਬਦ ਬੋਲ ਸਕਦੇ ਹੋ, ਜਿਵੇਂ ਮੈਨੂੰ ਨਹੀਂ ਪਤਾ ਕੀ, ਇਹ ਤੁਹਾਨੂੰ ਪਰਮੇਸ਼ੁਰ ਦੇ ਨੇੜੇ ਨਹੀਂ ਲਿਆਉਂਦਾ। ਤੁਸੀਂ ਖੜ੍ਹੇ ਹੋ ਕੇ ਅਭਿਆਸ ਕਰ ਸਕਦੇ ਹੋ ਕਿ ਆਪਣੇ ਉਪਦੇਸ਼ ਨੂੰ ਕਿਵੇਂ ਦੁਹਰਾਉਣਾ ਹੈ ਅਤੇ ਇਹਨਾਂ ਗੱਲਾਂ ਨੂੰ ਕਿਵੇਂ ਕਹਿਣਾ ਹੈ, ਇਹ ਚੀਜ ਤੁਹਾਨੂੰ ਪਰਮੇਸ਼ੁਰ ਦੇ ਨੇੜੇ ਨਹੀਂ ਲਿਆਉਂਦੀ। ਤੁਸੀਂ ਸ਼ਬਦਕੋਸ਼ ਉਦੋਂ ਤੱਕ ਸਿੱਖ ਸਕਦੇ ਹੋ ਇੱਥੋਂ ਤੱਕ ਕਿ ਉਸ ਦੇ ਨਾਲ ਸੌਂ ਸਕਦੇ ਹੋ, ਅਤੇ ਇਹ ਫਿਰ ਵੀ ਤੁਹਾਨੂੰ ਪਰਮੇਸ਼ੁਰ ਦੇ ਨੇੜੇ ਨਹੀਂ ਲਿਆਏਗਾ। ਇੱਕ ਹਲੀਮ, ਅਧੀਨ ਦਿਲ, ਸਾਦਗੀ ਵਿੱਚ, ਉਹੀ ਹੈ ਜੋ ਤੁਹਾਨੂੰ ਪਰਮੇਸ਼ੁਰ ਕੋਲ ਲਿਆਉਂਦਾ ਹੈ। ਅਤੇ ਇਹ ਸੱਚ ਹੈ। ਆਮੀਨ! ਇੱਕ ਹਲੀਮ ਦਿਲ, ਪਰਮੇਸ਼ੁਰ ਉਸਨੂੰ ਪਿਆਰ ਕਰਦਾ ਹੈ। ਹੁਣ, ਭਾਵੇਂ ਤੁਸੀਂ ਆਪਣੇ **ੳ ਅ ੲ** ਨੂੰ ਨਹੀਂ ਜਾਣਦੇ ਹੋ, ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਬਸ ਇੱਕ ਹਲੀਮ ਦਿਲ! ਹਲੀਮ ਹਿਰਦੇ ਵਿਚ ਪਰਮੇਸ਼ੁਰ ਵੱਸਦਾ ਹੈ; ਸਿੱਖਿਆ ਵਿੱਚ ਨਹੀਂ, ਇਹ ਸਕੂਲਾਂ ਵਿੱਚ ਨਹੀਂ ਹੈ, ਧਰਮ ਸ਼ਾਸਤਰ ਵਿੱਚ ਨਹੀਂ, ਸੈਮੀਨਾਰ ਵਿੱਚ ਨਹੀਂ, ਇਨ੍ਹਾਂ ਸਾਰੀਆਂ ਹੋਰ ਵੱਖੋ-ਵੱਖਰੀਆਂ ਥਾਵਾਂ ਵਿੱਚ ਨਹੀਂ; ਵੱਡੇ ਸ਼ਬਦਾਂ ਵਿੱਚ ਨਹੀਂ, ਜਾਂ ਸਨਾਤਨ ਸਥਾਨਾਂ ਵਿੱਚ ਨਹੀਂ। ਪਰਮੇਸ਼ੁਰ ਮਨੁੱਖ ਦੇ ਹਿਰਦੇ ਵਿਚ ਵੱਸਦਾ ਹੈ। ਅਤੇ ਜਿੰਨਾ ਨੀਵਾਂ ਤੁਸੀਂ ਆਪਣੇ ਆਪ ਨੂੰ ਤੋੜ ਸਕਦੇ ਹੋ, ਜਿਨੇ ਹੀ ਸਧਾਰਨ ਹੋ ਸਕਦੇ ਹੋ, ਪਰਮੇਸ਼ੁਰ ਦੀ ਨਜ਼ਰ ਵਿੱਚ ਤੁਸੀਂ ਓਨੇ ਹੀ ਵੱਡੇ ਬਣ ਸਕਦੇ ਹੋ।

116 ਮੈਨੂੰ ਤੁਹਾਨੂੰ ਕੁਝ ਦੇਣ ਦਿਓ। ਮੈਂ ਦੇਖ ਰਿਹਾ ਹਾਂ ਕਿ ਤੁਹਾਡੇ ਖੇਤ ਕਣਕ

ਨਾਲ ਭਰੇ ਹੋਏ ਹਨ। ਕਣਕ ਦਾ ਭਰਿਆ ਹੋਇਆ ਸਿਰ ਹਮੇਸ਼ਾ ਝੁਕਦਾ ਹੈ। ਇੱਕ ਛੋਟਾ ਜਿਹਾ ਬਿਨਾਂ ਦਾਣਿਆਂ ਦੇ ਸਿੱਟਾ ਉੱਪਰ ਨੂੰ ਚਕੋਂਦਾ ਹੈ, ਅਤੇ ਇੱਧਰ ਉੱਧਰ ਫੜਫੜਾਉਂਦਾ ਹੈ ਜਿਵੇਂ ਇਹ ਸਭ ਕੁਝ ਜਾਣਦਾ ਹੈ, ਇਸ ਦੇ ਸਿਰ ਵਿੱਚ ਕੁਝ ਨਹੀਂ ਹੈ। ਬਹੁਤ ਸਾਰੇ ਲੋਕਾਂ ਨਾਲ ਵੀ ਇਹੋ ਮਸਲਾ ਹੈ ਜੋ ਸੋਚਦੇ ਹਨ ਕਿ ਉਹਨਾਂ ਦੇ ਸਿਰ ਵਿੱਚ ਬਹੁਤ ਕੁਝ ਹੈ, ਹਾਲਾਂਕਿ, ਉਹਨਾਂ ਦੇ ਦਿਲ ਵਿੱਚ ਕੁਝ ਵੀ ਨਹੀਂ ਹੈ। ਇੱਕ ਪਵਿੱਤਰ ਸਿਰ ਝੁਕੇਗਾ ਸ਼ਕਤੀ ਲਈ, ਯਿਸੂ ਮਸੀਹ ਨੂੰ ਪਰਮੇਸ਼ੁਰ ਦੇ ਪੁੱਤਰ ਵਜੋਂ ਪਛਾਣੇਗਾ, ਅਤੇ ਉਸਦੇ ਕੰਮਾਂ ਵਿੱਚ ਵਿਸ਼ਵਾਸ ਕਰੇਗਾ।

117 "ਅਤੇ ਉਹ ਇੱਕੋ ਜਿਹਾ ਹੈ, ਕੱਲ੍ਹ।" ਔਹ, ਉਹ ਉਸ ਨੂੰ ਪਛਾਣਦੇ ਹਨ, ਯਕੀਨਨ, ਇੱਕ ਇਤਿਹਾਸਕ ਦ੍ਰਿਸ਼ਟੀਕੋਣ ਵਿੱਚ। ਪਰ ਇਹ ਇਤਿਹਾਸ ਦੀ ਗੱਲ ਨਹੀਂ ਹੈ। ਲੋਕ ਖੜੇ ਹੋ ਜਾਂਦੇ ਹਨ ਅਤੇ ਕਹਿੰਦੇ ਹਨ, "ਔਹ, ਮੈਂ ਪੰਤੇਕੁਸਤ ਤੇ ਵਿਸ਼ਵਾਸ ਕਰਦਾ ਹਾਂ, ਜਦੋਂ ਉਨ੍ਹਾਂ ਕੋਲ ਬਹੁਤ ਵੱਡਾ ਮੀਂਹ ਅਤੇ ਇਸ ਤਰ੍ਹਾਂ ਦੀਆਂ ਚੀਜ਼ਾਂ ਸਨ," ਅਤੇ ਅੱਗ ਦਾ ਇੱਕ ਚਿੱਤਰ ਬਣਾਉਂਦੇ ਹਨ। ਇੱਕ ਠੰਢੇ ਵਿਅਕਤੀ ਨੂੰ ਅੱਗ ਦੇ ਚਿੱਤਰ ਦੁਆਰਾ ਨਿੱਘਾ ਨਹੀਂ ਕੀਤਾ ਜਾ ਸਕਦਾ। ਅੱਗ ਦਾ ਚਿੱਤਰ ਨਿੱਘ ਨਹੀਂ ਦਿੰਦਾ। ਇਹੀ ਸੀ ਜੋ ਉਹ ਸਨ। ਅੱਜ ਕੀ ਹੈ, ਕੀ ਉਹ ਕੱਲ੍ਹ, ਅੱਜ ਅਤੇ ਸਦਾ ਲਈ ਇੱਕੋ ਜਿਹਾ ਹੈ? ਇਹ ਅੱਗ ਦਾ ਚਿੱਤਰ ਹੈ। ਕੁਝ ਸਾਥੀ ਠੰਡ ਨਾਲ ਮਰ ਰਹੇ ਹਨ, ਕਹਿੰਦੇ ਹਨ, "ਉਸ ਵੱਡੀ ਅੱਗ ਨੂੰ ਦੇਖੋ ਜੋ ਉਨ੍ਹਾਂ ਕੋਲ ਸੀ।" ਕਿਉਂ, ਇਹ ਤੁਹਾਨੂੰ ਗਰਮ ਨਹੀਂ ਕਰੇਗੀ।

118 ਉਨ੍ਹਾਂ ਨੇ ਪੰਤੇਕੁਸਤ ਤੇ ਕੀ ਕੀਤਾ, ਜੋ ਉਨ੍ਹਾਂ ਕੋਲ ਮੁਢਲੇ ਨੇਮ ਵਿਚ ਸੀ, ਉਹ ਅੱਜ ਸਾਡੇ ਕੋਲ ਹੈ! ਅਤੇ ਜਿਵੇਂ ਹੀ ਪਰਮੇਸ਼ੁਰ ਚੀਜਾਂ ਨੂੰ ਸਿੱਧੀਆਂ ਕਰਦਾ ਹੈ, ਅਤੇ ਕਲੀਸਿਯਾ ਨੂੰ ਇਕੱਠਿਆਂ ਕਰ ਦਿੰਦਾ ਹੈ, ਉਠਾਏ ਜਾਣਾ ਹੋ ਜਾਵੇਗਾ। ਪਰ ਅਸੀਂ ਤਾਂ ਦੈਵਿਕ ਚੰਗਾਈ ਜੋਗਾ ਵਿਸ਼ਵਾਸ ਵੀ ਨਹੀਂ ਲਿਆ ਸਕਦੇ, ਉਠਾਏ ਜਾਣ ਦੀ ਤਾਂ ਗੱਲ ਹੀ ਰਹਿਣ ਦਿਓ, ਕਿਉਂਕਿ ਅਸੀਂ ਸਾਰੇ ਉਲਝੇ ਹੋਏ ਹਾਂ, ਇੱਕ *ਇਸ* ਪਾਸੇ ਅਤੇ ਦੂਜਾ *ਉਸ* ਪਾਸੇ। "ਡਾਕਟਰ ਫਲਾਣੇ-ਫਲਾਣੇ ਨੇ ਕਿਹਾ ਸੀ ਇਹ ਤਾਂ *ਇੰਝ* ਸੀ। ਅੱਛਾ, ਮੇਰੇ ਪ੍ਰਚਾਰਕ ਨੇ ਕਿਹਾ ਕਿ ਉਹ *ਇਹ* ਸੀ।"

119 ਕੁਝ ਸਮਾਂ ਪਹਿਲਾਂ, ਇੱਕ ਔਰਤ ਨੇ ਕਿਹਾ, "ਉਹ ਸਿਰਫ ਇੱਕ ਫਰਜ਼ੀ ਹੈ।" ਕਿਹਾ, "ਮੇਰੇ ਪਾਦਰੀ ਨੇ ਮੈਨੂੰ ਅਜਿਹਾ ਦੱਸਿਆ ਹੈ।" ਮੈਂ ਚਾਹੁੰਦਾ ਹਾਂ ਕਿ ਉਸਦਾ ਪਾਦਰੀ ਇੱਕ ਵਾਰ ਇੱਥੇ ਆਵੇ, ਅਸੀਂ ਦੇਖਾਂਗੇ ਕਿ ਫਰਜ਼ੀ ਕੌਣ ਸੀ। ਹਾਂ। ਅਸੀਂ ਦੇਖਾਂਗੇ ਕਿ ਫਰਜ਼ੀ ਕੌਣ ਹੈ। ਆਓ ਇਸ ਦੀ ਕੋਸ਼ਿਸ਼ ਕਰੋ।

120 ਇੱਥੇ ਕੁਝ ਸਮਾਂ ਪਹਿਲਾਂ, ਹਾਰਲਿੰਗਨ, ਟੈਕਸਾਸ ਵਿੱਚ, ਅਸੀਂ ਉੱਥੇ

ਸੇਵਾ ਕਰ ਰਹੇ ਸੀ। ਅਤੇ ਉਨ੍ਹਾਂ ਕੋਲ ਵੱਡੇ ਚਿੰਨ੍ਹ ਸਨ, ਸਾਰੀਆਂ ਕਾਰਾਂ ਦੇ ਉੱਪਰ ਜਿਸ ਰਾਤ ਮੈਂ ਉੱਥੇ ਗਿਆ ਸੀ, ਦੱਸ ਰਹੇ ਸਨ ਕਿ ਐਫਬੀਆਈ ਮੇਰਾ ਇੱਕ ਫਰਜ਼ੀ ਵਜੋਂ ਪਰਦਾਫਾਸ਼ ਕਰਨ ਲਈ ਉੱਥੇ ਸੀ। ਇੱਕ ਛੋਟੀ ਕੁੜੀ ਟੈਕਸਾਸ ਵਿੱਚ ਕਿਤੇ ਠੀਕ ਹੋ ਗਈ ਸੀ। ਉਹ ਬਹੁਤ ਦੂਰ ਸੀ, ਅਤੇ, ਮੇਰਾ—ਮੇਰਾ ਅੰਦਾਜ਼ਾ ਹੈ, ਇੱਕ ਹਜ਼ਾਰ ਮੀਲ ਦੇ ਕਰੀਬ, ਬਹੁਤ ਦੂਰ ਪੈਨਹੈਂਡਲ ਦੇ ਕੋਲ। ਅਤੇ ਦੂਰ ਹਰਲਿੰਗਨ ਵਿੱਚ ਸੀ, ਸਰਹੱਦ ਦੇ ਉੱਤੇ। ਭਾਈ ਬੈਕਸਟਰ ਆਇਆ, ਕਿਹਾ, "ਭਾਈ ਬ੍ਰਨਹਾਮ," ਕਿਹਾ, "ਤੁਸੀਂ ਉੱਥੇ ਅਜਿਹੀ ਬੇਤਰਤੀਬੀ ਕਦੇ ਨਹੀਂ ਵੇਖੀ, ਲੱਗਭਗ ਚਾਰ ਜਾਂ ਪੰਜ ਹਜ਼ਾਰ ਲੋਕ ਹਨ।" ਅਤੇ ਕਿਹਾ, "ਅਤੇ ਫਿਰ, ਚਾਰੇ ਪਾਸੇ, ਐਫ ਬੀ ਆਈ ਅੱਜ ਰਾਤ ਮੰਚ ਤੇ ਤੁਹਾਨੂੰ ਫੜਨ ਜਾ ਰਹੀ ਹੈ, ਅਤੇ ਤੁਹਾਡਾ ਪਰਦਾਫਾਸ਼ ਕਰੇਗੀ।"

ਮੈਂ ਕਿਹਾ, "ਅੱਛਾ, ਮੈਂ ਇਸ ਤੋਂ ਯਕੀਨਨ ਖੁਸ਼ ਹਾਂ।"

121 ਉਸ ਨੇ ਕਿਹਾ, "ਤੁਸੀਂ ਉਸ ਛੋਟੀ ਕੁੜੀ ਨੂੰ ਜਾਣਦੇ ਹੋ ਜੋ ਉਸ ਰਾਤ ਠੀਕ ਹੋ ਗਈ ਸੀ?"

122 ਮੈਂ ਘਰ ਆ ਰਿਹਾ ਸੀ…ਮੇਰੇ ਕਮਰੇ ਵਿੱਚ ਜਾ ਰਿਹਾ ਸੀ। ਮੈਂ ਕਿਸੇ ਦੇ ਰੋਣ ਦੀ ਆਵਾਜ਼ ਸੁਣੀ, ਅਤੇ ਆਲੇ ਦੁਆਲੇ ਦੇਖਿਆ। ਮੈਂ ਸੋਚਿਆ ਕਿ ਸ਼ਾਇਦ ਕਿਸੇ ਤੇ ਹਮਲਾ ਹੋਇਆ ਹੈ। ਇਹ ਇੱਕ ਕੁੜੀ ਸੀ। ਅਤੇ ਮੈਂ ਪਿੱਛੇ ਮੁੜ ਕੇ ਦੇਖਿਆ। ਮੈਂ ਕਿਹਾ…ਅਤੇ ਮੈਂ ਵਾਪਸ ਚਲਾ ਗਿਆ, ਮੈਂ ਕਿਹਾ, "ਕੀ ਗੱਲ ਹੈ, ਮੈਡਮ?" ਅਤੇ ਦੋ ਛੋਟੀਆਂ ਕੁੜੀਆਂ ਉੱਥੇ ਖੜ੍ਹੀਆਂ ਸਨ, ਲਗਭਗ ਸਤਾਰਾਂ, ਅਠਾਰਾਂ ਸਾਲਾਂ ਦੀਆਂ, ਹਰ ਇੱਕ, ਉਹਨਾਂ ਦੀਆਂ ਬਾਹਾਂ ਇੱਕ ਦੂਜੇ ਦੇ ਦੁਆਲੇ ਸਨ, ਰੋ ਰਹੀਆਂ ਹਨ।

123 ਕਿਹਾ, "ਭਾਈ ਬ੍ਰਨਹਾਮ!" ਮੈਨੂੰ ਤਦ ਪਤਾ ਲੱਗਾ ਕਿ ਉਹ ਮੈਨੂੰ ਜਾਣਦੀਆਂ ਸਨ। ਕਿਹਾ, "ਅਸੀਂ, ਮੈਂ ਉਸਨੂੰ ਇੱਥੇ ਐਨੀ ਦੂਰ ਲੈ ਕੇ ਆਈ ਹਾਂ।" ਕਿਹਾ, "ਉਸਨੂੰ ਪਾਗਲਖਾਣੇ ਵਿੱਚ ਜਾਣਾ ਪਵੇਗਾ।" ਅਤੇ ਛੋਟੀ ਕੁੜੀ ਲੁਬੌਕ, ਟੈਕਸਾਸ ਵਿਖੇ ਮੇਰੀ ਸਭਾ ਵਿੱਚ ਸੀ। ਅਤੇ ਕਿਹਾ, "ਮੈਂ ਜਾਣਦੀ ਸੀ ਕਿ ਜੇਕਰ ਮੈਂ ਉਸਨੂੰ ਕਦੇ ਇੱਥੇ ਲੈ ਆਵਾਂ ਅਤੇ ਜੇ ਤੁਸੀਂ ਉਸਦੇ ਲਈ ਪ੍ਰਾਰਥਨਾ ਕਰੋ, ਤਾਂ ਮੈਨੂੰ ਵਿਸ਼ਵਾਸ ਹੈ ਕਿ ਪਰਮੇਸ਼ੁਰ ਉਸਨੂੰ ਠੀਕ ਕਰ ਦੇਵੇਗਾ।"

124 ਖੈਰ, ਮੈਂ ਸੋਚਿਆ, "ਕਿਹੋ ਜਿਹਾ ਵਿਸ਼ਵਾਸ ਹੈ!" ਅਤੇ ਮੈਂ ਕਿਹਾ, "ਅੱਛਾ, ਹੁਣ, ਭੈਣ, ਕੀ ਤੁਸੀਂ ਉਸਨੂੰ ਲਿਆ ਸਕਦੇ ਹੋ?…" ਅਤੇ ਉਦੋਂ ਹੀ ਮੈਂ ਕਿਹਾ, "ਤੁਸੀਂ ਇੱਥੇ ਇੱਕ ਪੀਲੇ ਟਾਂਗੇ ਵਿੱਚ ਆਏ ਹੋ, ਹੈ ਨਾ?"

ਕਿਹਾ, "ਹਾਂ!"

ਅਤੇ ਮੈਂ ਕਿਹਾ, "ਤੁਹਾਡੀ ਮਾਂ ਇੱਕ ਅਪਾਹਜ ਹੈ।"

ਉਸ ਨੇ ਕਿਹਾ, “ਇਹ ਸਹੀ ਹੈ।”

ਮੈਂ ਕਿਹਾ, “ਤੁਸੀਂ ਮੈਥੋਡਿਸਟ ਕਲੀਸਿਯਾ ਨਾਲ ਸਬੰਧਤ ਹੋ।”

ਉਸ ਨੇ ਕਿਹਾ, “ਇਹ ਬਿਲਕੁਲ ਸੱਚਾਈ ਹੈ।”

125 ਅਤੇ ਮੈਂ ਕਿਹਾ, “ਸੜਕ ਤੇ ਆਉਂਦੇ ਹੋਏ, ਤੁਸੀਂ ਲਗਭਗ ਪਿਛਾਂਹ ਮੁੜ ਗਏ ਸੀ। ਤੁਸੀਂ ਅਤੇ ਇਹ ਲੜਕੀ ਹੱਸ ਰਹੀਆਂ ਸੀ ਜਦੋਂ ਤੁਸੀਂ ਇੱਥੇ ਆਈਆਂ ਜਿੱਥੇ ਅੱਧਾ ਕੰਕਰੀਟ ਅਤੇ ਅੱਧਾ ਰੇਤਾ ਸੀ, ਅਤੇ ਤੁਸੀਂ ਇੱਕ ਮੋੜ ਤੋਂ ਮੁੜ ਰਹੀਆਂ ਸੀ।”

ਉਸ ਨੇ ਕਿਹਾ, “ਭਾਈ ਬ੍ਰਨਹਾਮ, ਇਹ ਸੱਚ ਹੈ!”

ਮੈਂ ਕਿਹਾ, “ਅਤੇ, **ਯਹੋਵਾਹ ਇੰਝ ਫ਼ਰਮਾਉਂਦਾ ਹੈ**, ਲੜਕੀ ਠੀਕ ਹੋ ਗਈ ਹੈ।”

126 ਅਗਲੇ ਦਿਨ ਉਹ ਸ਼ਹਿਰ ਵਿੱਚ ਅੱਗ ਲਗਾ ਰਹੀ ਸੀ, ਹਰ ਕਿਸੇ ਨੂੰ ਇਸ ਬਾਰੇ, ਦੱਸ ਰਹੀ ਸੀ। ਬੇਸ਼ੱਕ, ਉਹ ਉਸ ਨੂੰ ਉੱਥੇ ਨਹੀਂ ਜਾਣਦੇ ਸਨ, ਕੀ ਉਹ ਕਦੇ ਇਸ ਹਾਲਤ ਵਿੱਚ ਸੀ ਜਾਂ ਨਹੀਂ। ਅਤੇ ਫਿਰ ਉਸ ਦਿਨ ਮੈਂ…ਭਾਈ ਬੈਕਸਟਰ ਨੇ ਕਿਹਾ, “ਭਾਈ ਬ੍ਰਨਹਾਮ,” ਕਿਹਾ, “ਉਹ ਕੁੜੀਆਂ ਆਪਣਾ ਸੂਟਕੇਸ ਪੈਕ ਕਰ ਰਹੀਆਂ ਹਨ।” ਅਤੇ ਇਹ ਇੱਕ ਚੀਜ਼ ਹੈ ਜੋ ਉਸਨੂੰ ਨਹੀਂ ਪਤਾ ਸੀ ਕਿ ਮੈਂ ਜਾਣਦਾ ਸੀ। ਸਾਡੀ ਆਰਥਿਕ ਹਾਲਤ ਕਮਜ਼ੋਰ ਹੋ ਗਈ ਸੀ। ਮੈਂ ਉਸ ਨੂੰ ਇਸ ਬਾਰੇ ਕਦੇ ਗੱਲ ਨਹੀਂ ਕਰਨ ਦਿੱਤੀ। ਪਰ ਉਹਨਾਂ ਵਿੱਚੋਂ ਇੱਕ ਕੁੜੀ ਨੇ ਉਸ ਤੋਂ ਇੱਕ ਰਾਤ ਪਹਿਲਾਂ ਉਸ—ਉਸ ਭੇਟ ਵਿੱਚ ਨੌਂ ਸੌ ਡਾਲਰ ਪਾ ਦਿੱਤੇ ਸਨ, ਅਤੇ ਉਸ ਪੈਸੇ ਨੂੰ ਸਭ ਤੋਂ ਉੱਪਰ ਰੱਖ ਦਿੱਤਾ। ਹੁਣ, ਉਹ ਨਹੀਂ, ਉਹ ਅੱਜ ਤੱਕ ਇਹ ਨਹੀਂ ਜਾਣਦਾ, ਪਰ ਮੈਂ ਇਹ ਜਾਣਦਾ ਸੀ। ਸਮਝੇ? ਕਿ ਮੈਂ…ਪਰਮੇਸ਼ੁਰ ਨੇ ਮੈਨੂੰ ਦੱਸਿਆ ਕਿ ਇਹ ਸਭ ਠੀਕ ਹੋ ਜਾਵੇਗਾ।

127 ਅਤੇ ਭਾਈ ਬੈਕਸਟਰ ਨੇ ਕਿਹਾ, “ਭਾਈ ਬ੍ਰਨਹਾਮ,” ਕਿਹਾ, “ਚੰਗਾ ਹੋਵੇਗਾ ਜੇ ਤੁਸੀਂ ਮੈਨੂੰ ਥੋੜਾ ਜਿਹਾ ਖਿੱਚਣ ਦਿਓ।” ਕਿਹਾ, “ਉਹਨਾਂ ਕੋਲ ਇਹਨਾਂ ਵਿੱਚੋਂ ਕੁਝ ਇੱਥੇ ਦੈਵਿਕ ਚੰਗਾਈ ਕਰਨ ਵਾਲੇ ਹਨ ਜਿਹਨਾਂ ਲੋਕਾਂ ਨੂੰ ਖਿੱਚਿਆ ਹੈ।”

128 ਮੈਂ ਕਿਹਾ, “ਕੁਝ ਨਹੀਂ। ਨਹੀਂ, ਸ਼੍ਰੀ ਮਾਨ। ਤੁਸੀਂ ਇਹ ਨਹੀਂ ਕਰੋਗੇ। ਭਾਈ ਬੈਕਸਟਰ, ਜਦੋਂ ਵੀ ਤੁਸੀਂ ਪੈਸੇ ਲਈ ਇਸ ਤਰ੍ਹਾਂ ਖਿੱਚੋਗੇ, ਇਹ ਉਹ ਸਮਾਂ ਹੋਵੇਗਾ ਜਦੋਂ ਤੁਸੀਂ ਅਤੇ ਮੈਂ ਭਰਾਵਾਂ ਵਜੋਂ ਇੱਕ ਦੂਜੇ ਨਾਲ ਹੱਥ ਮਿਲਾਵਾਂਗੇ, ਮੈਂ ਇਕੱਲਾ ਜਾਵਾਂਗਾ।” ਸਮਝੇ? ਮੈਂ ਕਿਹਾ, “ਤੁਸੀਂ ਅਜਿਹਾ ਨਾ ਕਰੋ।” ਮੈਂ

ਕਿਹਾ, "ਪਰਮੇਸ਼ੁਰ ਹਜਾਰਾਂ ਪਹਾੜੀਆਂ ਦੇ ਪਸ਼ੂਆਂ ਦਾ ਮਾਲਕ ਹੈ, ਅਤੇ ਸਭ ਕੁਝ ਉਸ ਦਾ ਹੈ। ਮੈਂ ਉਸ ਦਾ ਹਾਂ। ਉਹ ਮੇਰੀ ਦੇਖਭਾਲ ਕਰੇਗਾ।"

ਉਸ ਨੇ ਕਿਹਾ, "ਠੀਕ ਹੈ।"

129 ਅਤੇ ਉਸੇ ਰਾਤ ਉਸਨੇ ਕਿਹਾ, "ਭਾਈ ਬ੍ਰਨਹਾਮ, ਇੱਥੇ ਦੇਖੋ। ਕੋਈ… ਇੱਥੇ ਦੇਖੋ! ਇੱਥੇ ਇੱਕ ਲਿਫ਼ਾਫ਼ਾ ਹੈ, ਜਿਸ ਉੱਤੇ ਕੋਈ ਨਾਮ ਨਹੀਂ ਹੈ, ਇਸ ਵਿੱਚ ਨੌਂ ਸੌ ਡਾਲਰ ਦੇ ਨੋਟ ਹਨ। ਬਿਲਕੁਲ ਉਹੀ ਜਿਸਦੀ ਸਾਨੂੰ ਲੋੜ ਹੈ।"

ਮੈਂ ਕਿਹਾ, "ਭਾਈ ਬੈਕਸਟਰ।"

ਉਸ ਨੇ ਕਿਹਾ, "ਮੈਨੂੰ ਮਾਫ਼ ਕਰ ਦਿਓ।"

130 ਤਾਂ ਫਿਰ ਮੈਨੂੰ ਪਤਾ ਲੱਗਾ ਕਿ ਇਹ ਉਹ ਲੜਕੀ ਸੀ। ਇਸ ਲਈ ਫਿਰ— ਫਿਰ ਅਗਲੇ ਦਿਨ, ਭਾਈ ਬੈਕਸਟਰ ਨੇ ਕਿਹਾ, "ਭਾਈ ਬ੍ਰਨਹਾਮ, ਉਹ ਉੱਥੇ ਆਪਣੇ ਕੱਪੜੇ ਬੰਨ੍ਹ ਰਹੀਆਂ ਸਨ, ਰੋ ਰਹੀਆਂ ਹਨ।"

ਮੈਂ ਕਿਹਾ, "ਕੀ ਗੱਲ ਹੈ?"

ਕਿਹਾ, "ਬਿਹਤਰ ਹੋਵੇਗਾ ਤੁਸੀਂ ਜਾਓ ਅਤੇ ਉਨ੍ਹਾਂ ਨੂੰ ਮਿਲੋ।"

131 ਮੈਂ ਹੇਠਾਂ ਉਸ ਕਮਰੇ ਵਿੱਚ ਗਿਆ ਜਿੱਥੇ ਉਹ ਸਨ। ਮੈਂ ਕਿਹਾ, "ਉਹ ਕਿਸ ਕਮਰੇ ਵਿੱਚ ਹਨ?" ਮੈਂ ਉੱਥੇ ਜਾ ਕੇ ਦਰਵਾਜ਼ਾ ਖੜਕਾਇਆ। ਮੈਂ ਉਨ੍ਹਾਂ ਨੂੰ ਰੋਂਦੇ ਸੁਣਿਆ। ਮੈਂ ਦਰਵਾਜ਼ਾ ਖੜਕਾਇਆ, ਕੁੜੀ ਦਰਵਾਜ਼ੇ ਤੇ ਆ ਗਈ, ਉਸਨੇ ਕਿਹਾ, "ਔਹ, ਭਾਈ ਬ੍ਰਨਹਾਮ, ਮੈਨੂੰ ਬਹੁਤ ਅਫ਼ਸੋਸ ਹੈ।" ਉਸ ਨੇ ਕਿਹਾ, "ਮੈਂ ਤੁਹਾਡੇ ਲਈ ਇਹ ਸਾਰੀ ਮੁਸੀਬਤ ਪੈਦਾ ਕੀਤੀ ਹੈ।"

ਮੈਂ ਕਿਹਾ, "ਮੁਸੀਬਤ? ਕੀ ਗੱਲ ਹੈ, ਭੈਣ?"

ਉਸ ਨੇ ਕਿਹਾ, "ਔਹ, ਮੈਂ ਐਫ ਬੀ ਆਈ ਨੂੰ ਤੁਹਾਡੇ ਪਿੱਛੇ ਲਾ ਦਿੱਤਾ ਹੈ।"

ਅਤੇ ਮੈਂ ਕਿਹਾ, "ਔਹ, ਕੀ ਇਹ ਸਹੀ ਹੈ?"

132 ਕਿਹਾ, "ਹਾਂ।" ਕਿਹਾ, "ਮੇਰਾ ਅੰਦਾਜ਼ਾ ਹੈ ਕਿ ਮੈਂ ਅੱਜ ਸ਼ਹਿਰ ਦੇ ਆਲੇ ਦੁਆਲੇ ਬਹੁਤ ਜ਼ਿਆਦਾ ਗਵਾਹੀ ਦਿੱਤੀ ਹੈ, ਅਤੇ ਸਭ ਕੁਝ।"

ਮੈਂ ਕਿਹਾ, "ਨਹੀਂ।"

133 ਅਤੇ ਉਸਨੇ ਕਿਹਾ, "ਭਾਈ ਬ੍ਰਨਹਾਮ, ਐਫਬੀਆਈ ਉਥੇ ਹੈ, ਉਥੇ ਹੈ, ਅੱਜ ਰਾਤ ਤੁਹਾਡਾ ਪਰਦਾਫਾਸ਼ ਕਰਨ ਜਾ ਰਹੀ ਹੈ।"

134 ਮੈਂ ਕਿਹਾ, "ਅੱਛਾ, ਜੇ ਮੈਂ—ਜੇ ਮੈਂ ਕੁਝ ਗਲਤ ਕਰ ਰਿਹਾ ਹਾਂ, ਤਾਂ ਮੇਰਾ ਪਰਦਾਫਾਸ਼ ਕਰਨ ਦੀ ਲੋੜ ਹੈ।" ਸਮਝੇ? ਮੈਂ ਕਿਹਾ, "ਯਕੀਨਨ। ਜੇ

ਖੁਸ਼ਖਬਰੀ ਦੇ ਪ੍ਰਚਾਰ ਕਰਨ ਨੂੰ ਪਰਦਾਫਾਸ਼ ਕਿਤੇ ਜਾਣ ਦੀ ਲੋੜ ਹੈ, ਤਾਂ ਠੀਕ ਹੈ, ਆਓ ਇਸ ਨੂੰ ਕਰੀਏ।" ਸਮਝੇ? ਮੈਂ ਕਿਹਾ, "ਮੈਂ—ਮੈਂ—ਮੈਂ ਇਸ ਬਾਈਬਲ ਦੁਆਰਾ ਜੀਉਂਦਾ ਹਾਂ, ਅਤੇ ਜੋ ਇਹ ਬਾਈਬਲ ਨਹੀਂ ਕਹਿੰਦੀ… ਇਹ ਮੇਰਾ ਬਚਾਅ ਹੈ, ਇੱਥੇ ਹੀ।" ਸਮਝੇ? ਅਤੇ ਮੈਂ ਕਿਹਾ, ਅਤੇ ਉਹ…

ਉਸ ਨੇ ਕਿਹਾ, "ਅੱਛਾ," ਕਿਹਾ, "ਮੈਨੂੰ ਆਪਣੇ ਕੀਤੇ ਤੇ ਅਫ਼ਸੋਸ ਹੈ।"

ਮੈਂ ਕਿਹਾ, "ਤੁਸੀਂ ਕਦੇ ਕੁਝ ਨਹੀਂ ਕੀਤਾ, ਭੈਣ।"

ਉਸ ਨੇ ਕਿਹਾ, "ਅੱਛਾ, ਕੀ ਤੁਸੀਂ ਉੱਥੇ ਜਾਣ ਤੋਂ ਨਹੀਂ ਡਰਦੇ?"

ਅਤੇ ਮੈਂ ਕਿਹਾ, "ਨਹੀਂ।"

ਉਸ ਨੇ ਕਿਹਾ, "ਖੈਰ, ਐਫ ਬੀ ਆਈ ਉਥੇ ਹੈ।"

135 ਮੈਂ ਕਿਹਾ, "ਅੱਛਾ, ਮੈਂ ਉਨ੍ਹਾਂ ਨੂੰ ਪਹਿਲਾਂ ਆਪਣੀ ਸਭਾ ਵਿੱਚ ਆਉਣ ਦਿੱਤਾ ਸੀ ਅਤੇ ਉਹ ਬਚ ਗਏ ਸਨ।" ਮੈਂ ਕਿਹਾ, "ਮਿਸਟਰ ਅਲ ਫਰਾਰ…"

136 ਕਪਤਾਨ ਅਲ ਫਰਾਰ, ਤੁਹਾਡੇ ਵਿੱਚੋਂ ਬਹੁਤ ਸਾਰੇ ਉਸਦੀ ਤਬਦੀਲੀ ਬਾਰੇ ਜਾਣਦੇ ਹਨ ਜੋ ਟਾਕੋਮਾ, ਵਾਸ਼ਿੰਗਟਨ ਵਿੱਚ ਹੋਈ ਸੀ, ਬਚਾ ਲਿਆ ਗਿਆ, ਬਿਲਕੁਲ ਇੱਕ ਨਿਸ਼ਾਨੇਬਾਜੀ ਦੇ ਭਵਨ ਵਿੱਚ। ਉਹ ਸਭਾ ਵਿੱਚ ਆਇਆ, ਉਸ ਨੇ ਕਿਹਾ, "ਮੈਂ ਦੋ ਸਾਲ ਇਸ ਆਦਮੀ ਦਾ ਪਿੱਛਾ ਕੀਤਾ ਹੈ। ਅਤੇ ਮੈਂ ਆਰਥਿਕ ਹਾਲਤ ਬਾਰੇ ਸੁਣਿਆ ਹੈ, ਅਤੇ ਮੈਂ ਇਸਨੂੰ ਦੇਖਿਆ ਹੈ, ਅਤੇ ਹਰ ਜਗ੍ਹਾ ਗਿਆ ਹਾਂ।" ਅਤੇ ਕਿਹਾ, "ਇਹ ਸੱਚ ਹੈ, ਤੁਸੀਂ ਅੱਜ ਰਾਤ ਇੱਕ ਕੱਟੜਪੰਥੀ ਨੂੰ ਨਹੀਂ ਸੁਣ ਰਹੇ ਹੋ, ਤੁਸੀਂ ਸੱਚ ਨੂੰ ਸੁਣ ਰਹੇ ਹੋ।" ਕਿਹਾ, "ਪੁਲਿਸ ਬਲ ਦੇ ਆਦਮੀਆਂ ਵਿੱਚੋਂ ਇੱਕ, ਕਿ ਮੈਂ ਇੱਕ ਡਾਕਟਰ ਨੂੰ ਉਸਦੇ ਬੱਚੇ ਨੂੰ ਦਿਖਾਇਆ ਅਤੇ ਉਸਨੂੰ ਪ੍ਰਾਰਥਨਾ ਦੀ ਕਤਾਰ ਵਿੱਚ ਭੇਜਿਆ," ਅਤੇ ਕਿਹਾ, "ਬੱਚੇ ਨੂੰ ਬਿਲਕੁਲ ਉਹੀ ਦੱਸਿਆ ਗਿਆ ਸੀ ਜਿਸ ਦੇ ਨਾਲ ਉਹ ਪਰੇਸ਼ਾਨ ਸੀ, ਅਤੇ ਜੋ ਵੀ ਇਸ ਨੂੰ ਹੋਇਆ ਸੀ। ਅਤੇ ਕਿਹਾ, 'ਅੱਠ ਦਿਨਾਂ ਵਿੱਚ ਇਹ ਸਕੂਲ ਜਾਵੇਗਾ,'" ਇੱਕ ਪੋਲੀਓ ਦਾ ਮਾਮਲਾ ਸੀ। ਅਤੇ ਕਿਹਾ, "ਅੱਠਵੇਂ ਦਿਨ ਬੱਚਾ ਸਕੂਲ ਵਾਪਸ ਚਲਾ ਗਿਆ।" ਕਿਹਾ, "ਮੈਂ ਦੋ ਸਾਲਾਂ ਤੋਂ ਉਸਦਾ ਪਿੱਛਾ ਕੀਤਾ ਹੈ," ਦਸ ਹਜ਼ਾਰ ਲੋਕਾਂ ਦੇ ਸਾਹਮਣੇ। ਉੱਥੇ ਇਹੀ ਸਭ ਹੈ…ਇਸਦੀ ਇੱਕ ਤਸਵੀਰ ਹੈ, ਸੀਏਟਲ ਦੀ ਸਭਾ, ਤੁਹਾਡੀ ਕਿਤਾਬ ਵਿੱਚ—ਵਿੱਚ। ਉਸ ਨੇ ਕਿਹਾ, "ਮੈਂ ਤੁਹਾਨੂੰ ਸਾਰਿਆਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਤੁਸੀਂ ਕਿਸੇ ਧਾਰਮਿਕ ਠੱਗ ਨੂੰ ਨਹੀਂ ਸੁਣ ਰਹੇ ਹੋ। ਤੁਸੀਂ ਸੱਚ ਨੂੰ ਸੁਣ ਰਹੇ ਹੋ।" ਕੈਪਟਨ ਅਲ ਫਰਾਰ। ਅਤੇ ਅਗਲੇ ਦਿਨ ਮੈਂ ਉਸਦੀ ਪਰਮੇਸ਼ੁਰ ਕੋਲ ਅਗਵਾਈ ਕੀਤੀ, ਅਤੇ ਉਸਨੇ ਪਵਿੱਤਰ ਆਤਮਾ ਦਾ ਬਪਤਿਸਮਾ ਪ੍ਰਾਪਤ ਕੀਤਾ, ਇੱਕ ਨਿਸ਼ਾਨੇ ਬਾਜੀ ਦੇ ਭਵਨ ਵਿੱਚ, ਹੇਠਾਂ ਵੱਡੀ ਜਗ੍ਹਾ ਵਿੱਚ।

ਮੈਂ ਕਿਹਾ, "ਸ਼ਾਇਦ ਇਹ ਮੁੰਡਾ ਵੀ ਅਜਿਹਾ ਹੀ ਕਰੇਗਾ।"

ਤਾਂ ਉਸਨੇ ਕਿਹਾ, "ਕੀ ਤੁਸੀਂ ਉੱਥੇ ਜਾਣ ਤੋਂ ਡਰਦੇ ਹੋ?"

137 ਮੈਂ ਕਿਹਾ, "ਡਰਦਾ ਹਾਂ? ਕਿਉਂ, ਬਿਲਕੁਲ ਵੀ ਨਹੀਂ। ਯਕੀਨਨ ਨਹੀਂ। ਮੈਂ ਕਿਉਂ ਡਰਾਂ ਜਦੋਂ ਪਰਮੇਸ਼ੁਰ ਨੇ ਮੈਨੂੰ ਅਜਿਹਾ ਕਰਨ ਲਈ ਭੇਜਿਆ ਹੈ? ਉਹੀ ਹੈ ਜੋ ਲੜਾਈ ਲੜਦਾ ਹੈ, ਮੈਂ ਨਹੀਂ।" ਤਾਂ ਮੈਂ ਕਿਹਾ, "ਹੁਣ, ਮੈਂ ਚਾਹੁੰਦਾ ਹਾਂ ਕਿ ਤੁਸੀਂ ਸਾਰੇ ਦੂਰ ਰਹੋ।" ਅਤੇ ਤਾਂ...

138 ਅਸੀਂ ਉਸ ਰਾਤ ਸਭਾ ਲਈ ਗਏ, ਜਗ੍ਹਾ ਭਰੀ ਹੋਈ ਸੀ। ਅਤੇ ਉਥੇ ਰਖਵਾਲੇ ਨੇ ਬਾਹਰ ਆ ਕੇ ਕਿਹਾ, "ਸਤਿਕਾਰਯੋਗ ਬ੍ਰੰਨਹਾਮ, ਮੈਂ ਦਸ ਮੈਕਸੀਕਨ ਬੱਚਿਆਂ ਨੂੰ ਨੌਕਰੀ ਤੇ ਰੱਖਿਆ ਹੈ।" ਕਿਹਾ, "ਇੱਥੇ ਦੇਖੋ, ਐਫਬੀਆਈ ਦੁਆਰਾ ਅੱਜ ਰਾਤ ਸਤਿਕਾਰਯੋਗ ਬ੍ਰੰਨਹਾਮ ਦਾ ਪਰਦਾਫਾਸ਼ ਕੀਤਾ ਜਾਵੇਗਾ, ਇੱਕ ਕੱਟੜ ਧਰਮਵਾਦੀ ਦਾ," ਜਾਂ ਅਜਿਹਾ ਕੁਝ ਹੋਰ। ਅਤੇ ਕਿਹਾ, "ਇਹ ਉਹਨਾਂ ਵਿੱਚੋਂ ਹਰ ਇੱਕ ਕਾਰ ਉੱਤੇ ਹੈ। ਫਾੜਨ ਲਈ..." ਕਿਹਾ, "ਮੈਂ ਦਸ ਛੋਟੇ ਮੈਕਸੀਕਨ ਬੱਚਿਆਂ ਨੂੰ ਨੌਕਰੀ ਤੇ ਰੱਖਿਆ, ਉਨ੍ਹਾਂ ਸਾਰਿਆਂ ਨੂੰ ਬਾਹਰ ਕੱਢ ਕੇ ਇੱਥੇ ਰੱਖਣ ਲਈ।" ਕਿਹਾ, "ਔਹ, ਮੈਨੂੰ ਲੱਗਦਾ ਹੈ ਕਿ ਜੇ ਮੈਂ ਉਸ ਬੰਦੇ ਨੂੰ ਫੜ ਲਵਾਂ!"

139 ਮੈਂ ਕਿਹਾ, "ਚਿੰਤਾ ਨਾ ਕਰੋ, ਸ਼੍ਰੀ ਮਾਨ। ਪਰਮੇਸ਼ੁਰ ਉਸ ਨੂੰ ਫੜ ਲਵੇਗਾ।" ਸਮਝੇ? ਮੈਂ ਕਿਹਾ, "ਬੱਸ ਉਸਨੂੰ ਇਕੱਲਾ ਛੱਡ ਦਿਓ।"

140 ਇਸ ਲਈ ਉਹ ਉੱਪਰ ਆ ਗਿਆ। ਅਤੇ ਉਸ ਰਾਤ ਜਦੋਂ ਅਸੀਂ ਅੰਦਰ ਆਏ, ਮੈਂ ਇਸਨੂੰ ਕਦੇ ਨਹੀਂ ਭੁੱਲਾਂਗਾ, ਕਮਰੇ ਵਿੱਚ ਚਲਾ ਗਿਆ। ਮੈਂ...ਭਾਈ ਬੈਕਸਟਰ ਨੇ *ਸਿਰਫ਼ ਵਿਸ਼ਵਾਸ ਕਰੋ* ਗਾਇਆ। ਉਸ ਨੇ ਕਿਹਾ, "ਹੁਣ, ਭਾਈ ਬ੍ਰੰਨਹਾਮ ਨੇ ਅੱਜ ਰਾਤ ਸਾਨੂੰ ਇਮਾਰਤ ਛੱਡਣ ਲਈ ਕਿਹਾ ਹੈ।" ਕਿਹਾ, "ਮੈਂ ਪਿਛਲੇ ਪਾਸੇ ਜਾ ਰਿਹਾ ਹਾਂ ਅਤੇ ਬੈਠ ਜਾਵਾਂਗਾ।" ਉਸ ਨੇ ਕਿਹਾ, "ਉਹ ਅੱਜ ਰਾਤ ਇੱਥੇ ਮੰਚ ਤੇ ਉਸਦਾ ਪਰਦਾਫਾਸ਼ ਕਰਨ ਲਈ ਤਿਆਰੀ ਕਰ ਰਹੇ ਹਨ।" ਉਸ ਨੇ ਕਿਹਾ, "ਮੈਂ ਉਸਨੂੰ ਕਈ ਮੁਸ਼ਕਲ ਲੜਾਈਆਂ ਵਿੱਚ ਦੇਖਿਆ ਹੈ, ਅਤੇ ਪਰਮੇਸ਼ੁਰ ਨੂੰ ਉਸਦੀ ਜਗ੍ਹਾ ਲੈਂਦੇ ਹੋਏ ਦੇਖਿਆ ਹੈ।" ਕਿਹਾ, "ਮੈਂ—ਮੈਂ ਬਸ ਬੈਠਣ ਲਈ ਪਿੱਛੇ ਜਾ ਰਿਹਾ ਹਾਂ।"

141 ਮੈਂ ਉੱਪਰ ਨੂੰ ਤੁਰ ਪਿਆ। ਮੈਂ ਕਿਹਾ, "ਮੈਂ ਇੱਥੇ ਇੱਕ ਛੋਟਾ ਜਿਹਾ ਲੇਖ ਪੜ੍ਹ ਰਿਹਾ ਸੀ ਜਿੱਥੇ ਅੱਜ ਰਾਤ ਮੰਚ ਤੇ ਮੇਰਾ ਪਰਦਾਫਾਸ਼ ਕਰਨ ਬਾਰੇ ਲਿਖਿਆ ਸੀ।" ਮੈਂ ਕਿਹਾ, "ਮੈਂ ਚਾਹੁੰਦਾ ਹਾਂ ਕਿ ਐਫ ਬੀ ਆਈ ਏਜੰਟ ਹੁਣ ਅੱਗੇ ਆਉਣ ਅਤੇ ਇਸ ਮੰਚ ਤੇ ਮੇਰਾ ਪਰਦਾਫਾਸ਼ ਕਰਨ।" ਮੈਂ ਕਿਹਾ, "ਮੈਂ ਇੱਥੇ ਇੰਜੀਲ ਦੇ ਪੱਖ ਵਿੱਚ ਖੜ੍ਹਾ ਹਾਂ; ਮੈਂ ਚਾਹੁੰਦਾ ਹਾਂ ਕਿ ਤੁਸੀਂ ਆ ਕੇ ਮੈਨੂੰ

ਬੇਨਕਾਬ ਕਰੋ।" ਮੈਂ ਉਡੀਕ ਕੀਤੀ। ਮੈਂ ਕਿਹਾ, "ਸ਼ਾਇਦ ਉਹ ਅਜੇ ਇੱਥੇ ਨਹੀਂ ਹਨ।" ਮੈਨੂੰ ਪਤਾ ਸੀ ਕਿ ਮੈਂ ਕਿੱਥੇ ਸੀ। ਉਸਨੇ ਮੈਨੂੰ ਮੇਰੇ ਕਮਰੇ ਵਿੱਚ ਪਹਿਲਾਂ ਹੀ ਦਿਖਾ ਦਿੱਤਾ ਸੀ ਕਿ ਕੀ ਹੋਣ ਵਾਲਾ ਸੀ, ਮੇਰੇ ਜਾਣ ਤੋਂ ਪਹਿਲਾਂ, ਤੁਸੀਂ ਸਮਝੇ। ਅਤੇ ਮੈਂ ਕਿਹਾ, ਮੈਂ ਕਿਹਾ, "ਸ਼ਾਇਦ ਮੈਂ ਥੋੜਾ ਜਿਹਾ ਇੰਤਜ਼ਾਰ ਕਰਾਂਗਾ। ਕੀ ਅਸੀਂ ਇੱਕ ਭਜਨ ਗਾ ਸਕਦੇ ਹਾਂ?" ਅਤੇ ਕੋਈ ਆਇਆ ਅਤੇ ਇੱਕ ਗੀਤ ਗਾਇਆ।

142 ਮੈਂ ਕਿਹਾ, "ਸ਼੍ਰੀ ਮਾਨ ਐਫ ਬੀ ਆਈ ਏਜੰਟ, ਤੁਸੀਂ ਅੰਦਰ ਹੋ ਜਾਂ ਬਾਹਰ? ਮੈਂ ਪਰਦਾਫਾਸ਼ ਹੋਣ ਦੀ ਉਡੀਕ ਕਰ ਰਿਹਾ ਹਾਂ। ਕੀ ਤੁਸੀਂ ਅੱਗੇ ਆਓਗੇ?" ਕੋਈ ਨਾ ਆਇਆ। ਮੈਂ ਸੋਚਦਾ ਰਿਹਾ ਕਿ ਇਹ ਕਿੱਥੇ ਸੀ। ਪ੍ਰਭੂ ਨੇ ਮੈਨੂੰ ਦੱਸਿਆ ਕਿ ਇਹ ਕੀ ਸੀ। ਉਹ ਦੋ ਪਿੱਛੇ ਹਟ ਚੁੱਕੇ ਪ੍ਰਚਾਰਕ ਸਨ, ਅਤੇ ਮੈਂ—ਮੈਂ ਦੇਖ ਰਿਹਾ ਸੀ। ਮੈਂ ਨੁੱਕਰ ਵਿੱਚ ਇੱਕ ਕਾਲਾ ਪਰਛਾਵਾਂ ਲਟਕਦਾ ਹੋਇਆ ਦੇਖਿਆ। ਮੈਨੂੰ ਪਤਾ ਸੀ ਕਿ ਇਹ ਕਿੱਥੇ ਸੀ। ਮੈਂ ਉੱਥੇ ਦੇਖਿਆ, ਅਤੇ ਇਹ ਬਿਲਕੁਲ ਉੱਪਰ ਵੱਲ ਵਧਿਆ ਅਤੇ ਇਸ ਤਰ੍ਹਾਂ ਗੈਲਰੀ ਵਿੱਚ ਚਲਾ ਗਿਆ। ਇੱਕ ਨੀਲੇ ਸੂਟ ਵਾਲਾ ਆਦਮੀ, ਇੱਕ ਸਲੇਟੀ ਰੰਗ ਦਾ।

143 ਮੈਂ ਕਿਹਾ, "ਦੋਸਤੋ, ਇੱਥੇ ਕੋਈ ਐਫ ਬੀ ਆਈ ਨਹੀਂ ਹੈ। ਐਫ ਬੀ ਆਈ ਨੂੰ ਬਾਈਬਲ ਦੇ ਪ੍ਰਚਾਰ ਨਾਲ ਕੀ ਲੈਣਾ ਦੇਣਾ ਹੈ?" ਮੈਂ ਕਿਹਾ, "ਯਕੀਨਨ ਨਹੀਂ। ਮੇਰਾ ਪਰਦਾਫਾਸ਼ ਕਰਨ ਲਈ ਉਹ ਕੋਈ ਦੋ ਐਫਬੀਆਈ ਏਜੰਟ ਨਹੀਂ ਸਨ। ਪਰ, ਇੱਥੇ ਪਰਦਾਫਾਸ਼ ਕਰਨ ਵਾਲਾ ਹੈ, ਉਹ ਉੱਥੇ ਹੀ ਬੈਠੇ ਹੋਏ ਹਨ, ਉਹ ਦੋ ਪ੍ਰਚਾਰਕ ਉੱਥੇ ਹੀ ਹਨ।" ਅਤੇ ਉਹ ਹੇਠਾਂ ਉਤਰ ਗਏ। ਮੈਂ ਕਿਹਾ, "ਇਸ ਤਰ੍ਹਾਂ ਹੇਠਾਂ ਨਾ ਉਤਰੋ।" ਅਤੇ ਉਹਨਾਂ ਵਿੱਚੋਂ ਦੋ ਵੱਡੇ ਟੈਕਸਾਸ ਵਾਸੀ ਉੱਥੇ ਜਾ ਰਹੇ ਸਨ ਅਤੇ ਉਹਨਾਂ ਨੂੰ ਫੜਨ ਜਾ ਰਹੇ ਸਨ। ਮੈਂ ਕਿਹਾ, "ਨਹੀਂ, ਭਰਾਵੋ, ਇਹ ਕੋਈ ਮਾਸ ਅਤੇ ਲਹੂ ਦਾ ਮਾਮਲਾ ਨਹੀਂ ਹੈ, ਤੁਸੀਂ ਸ਼ਾਂਤ ਬੈਠੋ। ਪਰਮੇਸ਼ੁਰ ਇਸ ਦਾ ਖਿਆਲ ਰੱਖੇਗਾ।"

144 ਮੈਂ ਕਿਹਾ, "ਹੁਣ, ਭਰਾਵੋ, ਦੇਖੋ, ਜਦੋਂ ਤੁਸੀਂ ਉੱਥੇ ਹੋ, ਇਸ ਇੱਕ-ਪਾਸੇ ਵੱਲ ਦੇਖੋ।" ਮੈਂ ਕਿਹਾ, "ਜੇ...ਤੁਸੀਂ ਕਿਹਾ ਸੀ ਕਿ ਮੈਂ ਸ਼ਮਊਨ ਜਾਦੂਗਰ ਸੀ, ਜਾਦੂ ਟੂਣੇ ਦੇ ਅਧੀਨ, ਮੈਂ ਲੋਕਾਂ ਨੂੰ ਆਕਰਸ਼ਿਤ ਕਰ ਰਿਹਾ ਸੀ।" ਮੈਂ ਕਿਹਾ, "ਜੇ ਮੈਂ ਸ਼ਮਊਨ ਜਾਦੂਗਰ ਹਾਂ, ਤਾਂ ਤੁਸੀਂ ਪਰਮੇਸ਼ੁਰ ਦੇ ਬੰਦੇ ਹੋ। ਹੁਣ ਤੁਸੀਂ ਇਸ ਮੰਚ ਤੇ ਆਓ। ਅਤੇ ਜੇ ਮੈਂ ਸ਼ਮਊਨ ਜਾਦੂਗਰ ਹਾਂ, ਤਾਂ ਪਰਮੇਸ਼ੁਰ ਮੈਨੂੰ ਮਾਰ ਦੇਵੇ। ਅਤੇ ਜੇਕਰ ਮੈਂ ਪਰਮੇਸ਼ੁਰ ਦਾ ਨਬੀ ਹਾਂ, ਤਾਂ ਤੁਸੀਂ ਹੇਠਾਂ ਆਓ ਅਤੇ ਪਰਮੇਸ਼ੁਰ ਤੁਹਾਨੂੰ ਮਾਰੇ। ਹੁਣ ਅਸੀਂ ਦੇਖਾਂਗੇ ਕਿ ਕੌਣ ਸਹੀ ਹੈ ਅਤੇ ਕੌਣ ਗਲਤ ਹੈ। ਹੁਣ ਤੁਸੀਂ ਹੇਠਾਂ ਆ ਜਾਓ। ਅਸੀਂ ਇੱਕ ਭਜਨ ਗਾਵਾਂਗੇ।" ਉਹ

ਉਸ ਇਮਾਰਤ ਤੋਂ ਬਾਹਰ ਚਲੇ ਗਏ, ਅਤੇ ਅਸੀਂ ਉਨ੍ਹਾਂ ਨੂੰ ਉਦੋਂ ਤੋਂ ਕਦੇ ਨਹੀਂ ਦੇਖਿਆ। ਸਮਝੇ? ਮੈਂ ਕਿਹਾ, "ਆ ਜਾਓ। ਜੇ ਮੈਂ ਸ਼ਮਊਨ ਜਾਦੂਗਰ ਹਾਂ, ਤਾਂ ਪਰਮੇਸ਼ੁਰ ਨੂੰ ਮੈਨੂੰ ਮਾਰਨ ਦਿਓ। ਅਤੇ ਜੇਕਰ ਮੈਂ ਪਰਮੇਸ਼ੁਰ ਦਾ ਨਬੀ ਹਾਂ, ਤਾਂ ਜਦੋਂ ਤੁਸੀਂ ਇਸ ਮੰਚ ਤੇ ਆਉਂਦੇ ਹੋ ਤਾਂ ਪਰਮੇਸ਼ੁਰ ਤੁਹਾਨੂੰ ਮਾਰ ਦੇਵੇਗਾ। ਜੇ ਮੈਂ ਪਰਮੇਸ਼ੁਰ ਅੱਗੇ ਸੱਚਾ ਹਾਂ, ਤਾਂ ਪਰਮੇਸ਼ੁਰ ਤੁਹਾਨੂੰ ਇਸ ਮੰਚ ਤੇ ਮਰਨ ਦੇਵੇਗਾ।" ਉਹ ਚੰਗੀ ਤਰ੍ਹਾਂ ਜਾਣਦੇ ਸਨ। ਇਹ ਠੀਕ ਹੈ। ਉਹ ਚੰਗੀ ਤਰ੍ਹਾਂ ਜਾਣਦੇ ਸਨ। ਉਨ੍ਹਾਂ ਨੇ ਹੋਰ ਥਾਵਾਂ ਤੋਂ ਸੁਣਿਆ ਸੀ। ਇਹ ਠੀਕ ਹੈ। ਇਸ ਲਈ ਕਦੇ ਵੀ ਇਹ ਨਾ ਸੋਚੋ ਪਰ ਪਰਮੇਸ਼ੁਰ ਅਜੇ ਵੀ ਪਰਮੇਸ਼ੁਰ ਹੈ। ਉਹ ਜਵਾਬ ਦਿੰਦਾ ਹੈ।

145 ਹੁਣ, ਏਨਦੋਰ ਦੀ ਇਹ ਜਾਦੂਗਰਨੀ, ਉਸਨੇ ਸਮੂਏਲ ਦੀ ਆਤਮਾ ਨੂੰ ਬੁਲਾਇਆ। ਅਤੇ ਸ਼ਾਊਲ ਨੇ ਸਮੂਏਲ ਨਾਲ ਗੱਲ ਕੀਤੀ। ਹੁਣ, ਤੁਸੀਂ ਸ਼ਾਇਦ ਹੈਰਾਨ ਹੋਵੋਗੇ ਕਿ ਇਹ ਕਿਵੇਂ ਕੀਤਾ ਜਾ ਸਕਦਾ ਸੀ। ਅੱਜ ਇਹ ਨਹੀਂ ਕੀਤਾ ਜਾ ਸਕਦਾ। ਨਹੀਂ, ਸ਼੍ਰੀਮਾਨ। ਕਿਉਂਕਿ, ਬਲਦਾਂ ਅਤੇ ਬੱਕਰੀਆਂ ਦਾ ਲਹੂ ਸਿਰਫ ਸਮੇਂ ਦੀ ਪੂਰਤੀ ਦੀ ਉਡੀਕ ਕਰ ਰਿਹਾ ਸੀ। ਜਦੋਂ ਉਨ੍ਹਾਂ ਦਿਨਾਂ ਵਿੱਚ ਇੱਕ ਆਦਮੀ ਦੀ ਮੌਤ ਹੋ ਜਾਂਦੀ ਸੀ...ਪ੍ਰਚਾਰਕੋ, ਜੇਕਰ ਤੁਹਾਨੂੰ ਲੱਗਦਾ ਹੈ ਕਿ ਇਹ ਸਹੀ ਹੈ ਤਾਂ ਮੇਰਾ ਸਹਿਯੋਗ ਦਿਓ। ਜਦੋਂ ਇੱਕ ਆਦਮੀ ਮਰ ਜਾਂਦਾ ਸੀ, ਉਹ ਇੱਕ ਪਸ਼ੂ ਦੇ ਪ੍ਰਾਸਚਿਤ ਦੇ ਹੇਠ ਮਰਦਾ ਸੀ, ਅਤੇ ਉਸਦੀ ਆਤਮਾ ਫਿਰਦੌਸ ਵਿੱਚ ਚਲੀ ਜਾਂਦੀ ਸੀ। ਅਤੇ ਉੱਥੇ ਉਹ ਉਸ ਸਮੇਂ ਤੱਕ ਰਹਿੰਦਾ ਸੀ, ਮੁਕਤੀ ਦੇ ਦਿਨ—ਦਿਨ ਤੱਕ। ਅਤੇ ਉਸਦੀ ਆਤਮਾ ਉੱਥੇ ਹੁੰਦੀ ਸੀ।

146 ਮੈਨੂੰ ਤੁਹਾਡੇ ਲਈ ਇੱਥੇ ਇੱਕ ਛੋਟੀ ਜਿਹੀ ਤਸਵੀਰ ਬਣਾਉਣ ਦਿਓ। ਕਿੰਨੇ ਲੋਕਾਂ ਨੇ ਮੇਰਾ ਲੇਖ ਪੜ੍ਹਿਆ ਸੀ, ਜਾਂ ਉਹ ਲੇਖ ਜੋ ਉਹਨਾਂ ਨੇ ਮੇਰੇ ਬਾਰੇ *ਰੀਡਰਜ਼ ਡਾਇਜੈਸਟ* ਵਿੱਚ ਲਿਖਿਆ ਸੀ, ਅਕਤੂਬਰ, ਨਵੰਬਰ ਦੇ ਅੰਕ ਵਿੱਚ? ਠੀਕ ਹੈ। ਕੀ ਤੁਸੀਂ ਦੇਖਿਆ ਕਿ ਇਹ ਕੀ ਸੀ? ਕੀ ਤੁਸੀਂ ਧਿਆਨ ਦਿੱਤਾ, ਉਸ ਤੋਂ ਦੋ ਜਾਂ ਤਿੰਨ ਹਫ਼ਤੇ ਪਹਿਲਾਂ, ਇੱਥੇ ਇਹ ਮਹਾਨ ਮਸ਼ਹੂਰ ਮਾਧਿਅਮ ਜਿਸਦੀ ਬਹੁਤ ਸਮਾਂ ਪਹਿਲਾਂ ਤੋਂ ਕੋਸ਼ਿਸ਼ ਕੀਤੀ ਜਾ ਰਹੀ ਹੈ, ਉਸਦੀ, ਮਿਸ ਪਾਈਪਰ। ਕੀ ਕਿਸੇ ਨੇ ਕਦੇ ਇਹ ਪੜ੍ਹਿਆ ਹੈ, *ਰੀਡਰਜ਼ ਡਾਇਜੈਸਟ* ਵਿੱਚ ਮਿਸ ਪਾਈਪਰ ਦਾ ਲੇਖ? ਕੀ ਇਹ ਅਜੀਬ ਨਹੀਂ ਹੈ ਕਿ ਉਹ ਦੋ ਆਤਮਾਵਾਂ ਕਿਵੇਂ...

147 ਮੇਰੇ ਕੋਲ ਕਿੰਨਾ ਸਮਾਂ ਹੈ? ਨਹੀਂ ਹੈ ਪਰ ਥੋੜਾ ਜਿਹਾ ਹੈ। ਮੈਂ ਵੀਹ ਮਿੰਟ ਪਿੱਛੇ ਹਾਂ, ਬੱਸ ਮੈਨੂੰ ਜਲਦੀ ਕਰਨੀ ਪਵੇਗੀ। ਮੈਂ ਜਾਣਦਾ ਹਾਂ ਕਿ ਤੁਹਾਨੂੰ... ਦੇਖੋ, ਇੱਕ ਮਿੰਟ ਲਈ ਮੈਨੂੰ ਮਾਫ਼ ਕਰਨਾ।

148 ਤੁਸੀਂ ਜਾਣਦੇ ਹੋ, ਉੱਥੇ—ਉੱਥੇ ਨਕਲ ਹੈ। ਹਰ ਚੀਜ਼ ਦਾ ਇੱਕ ਅਸਲੀ ਅਤੇ ਇੱਕ ਨਕਲੀ ਹੈ। ਜੇ ਮੈਂ ਤੁਹਾਨੂੰ ਡਾਲਰ ਦੇਵਾਂ, ਅਤੇ ਮੈਂ ਕਹਾਂ, "ਕੀ ਇਹ ਇੱਕ ਚੰਗਾ ਡਾਲਰ ਹੈ?" ਅਤੇ ਤੁਸੀਂ ਇਸ ਨੂੰ ਦੇਖੋਗੇ, ਇਹ ਇੱਕ ਅਸਲੀ ਡਾਲਰ ਵਾਂਗ ਦਿੱਸਣਾ ਚਾਹੀਦਾ ਹੈ ਨਹੀਂ ਤਾਂ ਤੁਸੀਂ ਇਸ ਤੇ ਵਿਸ਼ਵਾਸ ਨਹੀਂ ਕਰੋਗੇ। ਕੀ ਇਹ ਸਹੀ ਹੈ? ਇਸ ਲਈ ਇਹ ਇੱਕ ਬਹੁਤ ਹੀ ਚੰਗੀ ਨਕਲ ਹੋਣੀ ਚਾਹੀਦੀ ਹੈ।

149 ਅਤੇ ਯਿਸੂ ਨੇ ਕਿਹਾ ਕੇ ਅੰਤ ਦੇ ਦਿਨਾਂ ਵਿੱਚ ਦੋ ਆਤਮੇ ਇੰਨੇ ਨੇੜੇ ਹੋਣਗੇ ਕਿ ਜੇ ਹੋ ਸਕਦਾ ਤਾਂ ਚੁਣਿਆਂ ਹੋਇਆਂ ਨੂੰ ਵੀ ਭਰਮਾ ਲੈਂਦੇ, ਧਾਰਮਿਕ ਲੋਕ। ਹੁਣ ਯਾਦ ਕਰੋ। ਹੁਣ, ਉਨ੍ਹਾਂ ਦੇ ਵਿੱਚ ਕੁਝ ਨਹੀਂ ਹੈ ਉਹ ਠੰ-…ਰਸ…ਠੰਡੇ, ਰਸਮੀ ਹਨ। ਬਾਹਰ ਉਹਨਾਂ ਕੋਲ ਭਗਤੀ ਦਾ ਇੱਕ ਰੂਪ ਹੈ, ਤੁਸੀਂ ਵੇਖੋ। ਪਰ ਇਹ ਦੋ ਆਤਮਾਵਾਂ, ਅਸਲ ਆਤਮਾਵਾਂ, ਇੰਨੀਆਂ ਨੇੜੇ ਹੋਣਗੀਆਂ ਕਿ ਇਹ ਚੁਣੇ ਹੋਏ ਲੋਕਾਂ ਨੂੰ ਵੀ ਭਰਮਾ ਲੈਣਗੀਆਂ, ਕਿਵੇਂ ਉਹ ਅੰਤ ਦੇ ਦਿਨਾਂ ਵਿੱਚ ਨਾਲ ਨਾਲ ਕੰਮ ਕਰ ਰਹੇ ਸਨ। ਕੀ ਯਿਸੂ ਨੇ ਇਹ ਕਿਹਾ ਸੀ? ਉਸ ਨੇ ਕਿਹਾ ਸੀ।

150 ਹੁਣ ਦੇਖੋ ਦੋਸਤੋ, ਮੈਂ ਤੁਹਾਡੇ ਲਈ ਇੱਕ ਛੋਟੀ ਜਿਹੀ ਤਸਵੀਰ ਬਣਾਉਣ ਜਾ ਰਿਹਾ ਹਾਂ। ਮੈਂ ਚਾਹੁੰਦਾ ਹਾਂ ਕਿ ਤੁਸੀਂ ਇੱਕ ਮਿੰਟ ਇੱਥੇ ਦੇਖੋ। ਅਤੇ ਮੈਨੂੰ ਆਪਣਾ ਅਣਵੰਡਿਆ ਧਿਆਨ ਦਿਓ, ਕਿਉਂਕਿ ਮੈਂ ਤੁਹਾਨੂੰ ਇੱਕ ਦ੍ਰਿਸ਼ਟਾਂਤ ਦੇਣ ਜਾ ਰਿਹਾ ਹਾਂ, ਅਤੇ ਫਿਰ ਤੁਸੀਂ ਇਸਨੂੰ ਸਮਝੋਗੇ।

151 ਹੁਣ, *ਰੀਡਰਜ਼ ਡਾਇਜੈਸਟ* ਵਿੱਚ, ਇਸ ਨੇ ਉੱਥੇ ਲਿਖਿਆ ਹੈ, ਮੈਂ ਉੱਥੇ ਬਾਹਰ ਖੜ੍ਹਾ ਸੀ, ਸਾਡੇ ਕੋਲ ਸਤਾਈ-ਸੌ ਲੋਕ ਪ੍ਰਾਰਥਨਾ ਕਰਨ ਲਈ ਉਡੀਕ ਕਰ ਰਹੇ ਸਨ, ਉੱਥੇ ਬਾਹਰ ਖੜ੍ਹੇ ਸਨ। ਤੁਸੀਂ ਲੇਖ ਪੜ੍ਹੋ। ਅਤੇ ਇੱਕ ਆਦਮੀ ਕਨੇਡਾ ਤੋਂ ਆਇਆ, ਅਤੇ ਉਸਦਾ ਇੱਕ ਛੋਟਾ ਮੁੰਡਾ ਸੀ ਜੋ ਮੇਓਸ ਅਤੇ ਜੌਨਸ ਹੌਪਕਿੰਸ ਕੋਲ ਗਿਆ ਸੀ, ਇੱਕ ਗੰਭੀਰ ਦਿਮਾਗੀ ਬਿਮਾਰੀ ਜਿਸ ਨੇ ਉਸਦੇ ਛੋਟੇ ਹੱਥਾਂ ਨੂੰ *ਇਸ* ਤਰ੍ਹਾਂ ਖਿੱਚਿਆ, ਅਤੇ ਉਸਦੀਆਂ ਲੱਤਾਂ ਉਸ ਦੇ ਹੇਠਾਂ ਖਿੱਚ ਦਿੱਤੀਆਂ ਸਨ। ਅਤੇ ਉਨ੍ਹਾਂ ਨੇ ਕਿਹਾ, "ਓਪਰੇਸ਼ਨ ਵੀ ਨਹੀਂ ਹੋ ਸਕਦਾ ਜਾਂ ਕੁਝ ਵੀ ਨਹੀਂ ਕੀਤਾ ਜਾ ਸਕਦਾ ਹੈ।"

152 ਇਸ ਲਈ ਉਹ ਉਸ ਨੂੰ ਵਾਪਸ ਕੈਨੇਡਾ ਲੈ ਗਿਆ। ਉਸ ਨੇ ਕਿਹਾ, "ਮੈਂ ਅਜੇ ਤੱਕ ਹਾਰਿਆ ਨਹੀਂ ਹਾਂ।" ਤੁਸੀਂ *ਰੀਡਰਜ਼ ਡਾਇਜੈਸਟ* ਦਾ ਨਵੰਬਰ ਦਾ ਅੰਕ ਲਵੋ, ਅਤੇ ਇਸਨੂੰ ਕਿਹਾ ਜਾਂਦਾ ਹੈ—*ਡੌਨੀ ਮੋਰਟਨ ਦਾ ਚਮਤਕਾਰ।* ਅਤੇ—ਅਤੇ ਫਿਰ ਕਿਹਾ ਕਿ, ਉੱਥੇ, ਕਿ—ਕਿ ਉਸ ਆਦਮੀ ਨੇ ਕਿਹਾ, "ਮੈਂ ਅਜੇ ਹਾਰਿਆ ਨਹੀਂ ਹਾਂ, ਕਿਉਂਕਿ ਮੈਂ ਵਿਲੀਅਮ ਬ੍ਰਨਹਾਮ ਨਾਮ ਦੇ ਇੱਕ

ਵਿਸ਼ਵਾਸ ਰਾਹੀਂ ਇਲਾਜ ਕਰਨ ਵਾਲੇ ਨੂੰ ਜਾਣਦਾ ਹਾਂ, ਜਿਸ ਕਾਰਨ ਮੇਰੇ ਦੋ ਬੋਲੇ ਅਤੇ ਗੂੰਗੇ ਦੋਸਤ ਬੋਲ ਅਤੇ ਸੁਣ ਸਕਦੇ ਹਨ।"

153 ਅਤੇ ਉਹਨਾਂ ਨੇ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਕਿ ਮੈਂ ਕਿੱਥੇ ਸੀ, ਅਜੇ ਤਕ ਅਮਰੀਕਾ ਵਿੱਚ—ਵਿੱਚ ਸੀ। ਅਤੇ ਮੈਂ ਕੋਸਟਾ ਮੇਸਾ, ਕੈਲੀਫੋਰਨੀਆ ਵਿੱਚ ਸੀ। ਅਤੇ ਇਹ ਇੱਕ ਲੇਖ ਹੈ, ਜਦੋਂ ਤੁਸੀਂ ਇਸਨੂੰ ਪੜ੍ਹਦੇ ਹੋ, ਤਾਂ ਰੋਣ ਲਈ ਤਿਆਰ ਹੋ ਜਾਣਾ। ਇਹ ਬਸ ਤੁਹਾਡਾ ਦਿਲ ਤੋੜ ਦੇਵੇਗਾ। ਉਸ ਬੱਚੇ ਦੇ ਨਾਲ ਉਹ ਬਰਫ਼ਬਾਰੀ ਵਿੱਚੋਂ ਕਿਵੇਂ ਲੰਘਿਆ, ਅਤੇ ਹੋਰ ਸਭ ਕੁਝ! ਉਸ ਨੇ ਕਿਹਾ, "ਸਾਵਧਾਨ ਰਹੋ, ਡੌਨੀ।" ਕਿਹਾ, "ਹੁਣ, ਅਸੀਂ ਹਾਰੇ ਹੋਏ ਨਹੀਂ ਹਾਂ।" ਅਤੇ ਛੋਟਾ ਮੁੰਡਾ ਮੁਸਕਰਾ ਵੀ ਨਹੀਂ ਸਕਦਾ ਸੀ, ਮੁਸ਼ਕਿਲ ਨਾਲ ਵੀ, ਉਹ ਇੰਨਾ ਦੁਖੀ ਸੀ। ਕਿਹਾ, "ਅਸੀਂ ਹਾਰੇ ਹੋਏ ਨਹੀਂ ਹਾਂ, ਅਸੀਂ ਪਰਮੇਸ਼ੁਰ ਤੋਂ ਮੰਗਣ ਜਾ ਰਹੇ ਹਾਂ। ਅਸੀਂ ਪਰਮੇਸ਼ੁਰ ਦੇ ਨਬੀ ਕੋਲ ਜਾਵਾਂਗੇ ਅਤੇ ਉਸ ਨੂੰ ਪੁੱਛਾਂਗੇ।"

154 ਇਸ ਲਈ ਉਹ ਬਰਫ਼ ਵਿੱਚੋਂ ਲੰਘਦੇ ਹੋਏ ਆਏ। ਅਤੇ ਉਹ ਆਖਰਕਾਰ ਉੱਥੇ ਆ ਗਏ, ਅਤੇ ਮਾਂ ਉਨ੍ਹਾਂ ਦੇ ਨਾਲ ਆ ਰਹੀ ਸੀ, ਅਤੇ ਉਨ੍ਹਾਂ ਕੋਲ ਹਵਾਈ ਜਹਾਜ਼ ਰਾਹੀਂ ਜਾਣ ਲਈ ਪੈਸੇ ਨਹੀਂ ਸਨ, ਇਸ ਲਈ ਉਨ੍ਹਾਂ ਨੇ ਮਾਂ ਨੂੰ ਵਾਪਸ ਭੇਜ ਦਿੱਤਾ। ਅਤੇ ਮੁੰਡੇ ਅਤੇ ਉਸਦੇ ਪਿਤਾ ਨੇ ਬੱਸ ਤੇ ਆਉਣਾ ਸੀ, ਅਤੇ ਉਹ ਕਿਵੇਂ ਵਿਨੀਪੈਗ, ਕਨੇਡਾ ਤੋਂ ਸਫ਼ਰ ਕਰਦੇ ਹੋਏ ਆਏ, ਕੋਸਟਾ ਮੇਸਾ, ਕੈਲੀਫੋਰਨੀਆ ਤਕ। ਅਤੇ ਉਹ ਉੱਥੇ ਆ ਗਏ, ਕੰਗਾਲ, ਅਤੇ ਪਿਤਾ ਨੇ ਦੱਸਿਆ ਕਿ ਉਸ ਨੂੰ ਉਸ ਦੇ ਛੋਟੇ ਲੰਗੋਟ ਬਦਲਣੇ ਪੈਂਦੇ ਸਨ, ਸੱਤ ਜਾਂ ਅੱਠ ਸਾਲ ਦਾ ਛੋਟਾ ਮੁੰਡਾ, ਬਿਲਕੁਲ ਬੇਸਹਾਰਾ। ਅਤੇ ਉਹ ਕਿਵੇਂ ਕਰੇਗਾ... ਨਾ ਖਾਣ ਦਾ ਮੌਕਾ ਮਿਲਿਆ ਅਤੇ ਨਾ ਹੀ ਕੁਝ, ਅਤੇ ਕਿਹਾ ਕਿ ਉਸਦਾ ਛੋਟਾ ਲੜਕਾ ਬਸ ਉਸਨੂੰ ਬੋਲਦੇ ਹੋਏ ਸੁਣ ਸਕਦਾ ਸੀ। ਅਤੇ ਉਹ ਦੱਸ ਸਕਦਾ ਸੀ ਕਿ ਉਸ ਦੀਆਂ ਅੱਖਾਂ ਕਿਸ ਤਰ੍ਹਾਂ ਦੇਖ ਰਹੀਆਂ ਸਨ, ਕਿ ਉਹ—ਉਹ ਮੁਸਕਰਾਉਣ ਦੀ ਕੋਸ਼ਿਸ਼ ਕਰ ਰਿਹਾ ਸੀ, ਤੁਸੀਂ ਜਾਣਦੇ ਹੋ। ਅਤੇ ਪਤਾ ਹੈ ਕਿ ਉਹ...ਉਹ ਉਸਨੂੰ ਅਮਰੀਕਾ ਵਿੱਚ ਵੱਖੋ ਵੱਖਰੀਆਂ ਨਜਾਰਿਆਂ ਬਾਰੇ ਦੱਸ ਰਿਹਾ ਸੀ, ਜੋ ਉਹ ਦੇਖ ਰਿਹਾ ਸੀ।

155 ਅਤੇ ਜਦੋਂ ਉਹ ਉੱਥੇ ਗਏ, ਕੈਲੀਫੋਰਨੀਆ ਵਿੱਚ, ਉਨ੍ਹਾਂ ਨੇ ਯਾਤਰੀ ਸਹਾਇਤਾ ਨੂੰ ਦੱਸਿਆ, ਉਸ ਬਾਰੇ ਜਿਸ ਨੂੰ ਉਹ ਮਿਲਣ ਲਈ ਆਇਆ ਸੀ। ਉਸ ਨੇ ਕਿਹਾ, "ਕਿਹੜੀ ਦੈਵਿਕ ਚੀਜ ਵੇਖਣ ਲਈ ਆਏ ਹੋ?" ਅਤੇ ਇੱਕ ਵੱਡਾ ਪ੍ਰਸ਼ਨ ਚਿੰਨ੍ਹ।

156 ਬੇਸ਼ੱਕ, ਤੁਸੀਂ ਕਲਪਨਾ ਕਰ ਸਕਦੇ ਹੋ ਕਿ ਅਮਰੀਕਾ ਨੇ ਇਸ ਬਾਰੇ ਕੀ

ਕਿਹਾ, ਤੁਸੀਂ ਸਮਝੇ। ਦੇਖੋ, ਇਹ ਅਸੀਂ ਹਾਂ, ਦੇਖੋ, "ਅਸੀਂ ਬਹੁਤ ਹੁਸ਼ਿਆਰ ਹਾਂ! ਅਸੀਂ ਸਭ ਕੁਝ ਜਾਣਦੇ ਹਾਂ, ਤੁਸੀਂ ਜਾਣਦੇ ਹੋ, ਅਤੇ ਸਾਨੂੰ ਕੁਝ ਦੱਸਣ ਦੀ ਲੋੜ ਨਹੀਂ ਹੈ। ਅਸੀਂ ਇਹ ਸਭ ਕੁਝ ਲਿਖਿਆ ਹੋਇਆ ਹੈ।" ਸਮਝੇ?

157 ਤਾਂ ਫਿਰ, ਇਸ ਲਈ, "ਇੱਕ ਦੈਵਿਕ ਕੀ? ਵਿਨੀਪੈਗ, ਕੈਨੇਡਾ ਤੋਂ ਐਨੀ ਦੂਰ ਆਏ ਹੋ?" ਕਿਉਂ, ਉਨ੍ਹਾਂ ਨੇ ਸੋਚਿਆ ਕਿ ਇਹ ਭਿਆਨਕ ਸੀ।

158 ਵੈਸੇ ਵੀ, ਇੱਕ—ਇੱਕ ਅਖਬਾਰ ਨੇ ਇੱਕ ਕਾਰ ਦਾ ਪ੍ਰਬੰਧ ਕੀਤਾ ਅਤੇ ਉਸ ਨੂੰ ਉੱਥੇ ਭੇਜ ਦਿੱਤਾ। ਅਤੇ ਉਸਨੇ ਕਿਹਾ, ਜਦੋਂ ਉਹ ਕਤਾਰ ਕੋਲ ਪਹੁੰਚੇ, ਜਿੱਥੇ ਇਹ ਸੀ, ਦੱਸਿਆ ਕਿ ਸਤਾਈ-ਸੌ ਲੋਕ ਪ੍ਰਾਰਥਨਾ ਕਰਾਉਣ ਲਈ ਉਡੀਕ ਕਰ ਰਹੇ ਸਨ। ਪਰ ਕਿਹਾ, ਜਦੋਂ ਉਨ੍ਹਾਂ ਨੇ ਉਸ ਕਰੂਪ, ਛੋਟੇ ਜਿਹੇ ਦਿੱਸਣ ਵਾਲੇ ਲੜਕੇ ਨੂੰ ਵੇਖਿਆ, ਅਤੇ ਉਸ ਗਰੀਬ ਪਿਤਾ ਨੂੰ ਆਪਣੀ ਟੋਪੀ ਪਹਿਨੇ ਦੇਖਿਆ, ਉਸ ਦਾ ਫੱਟਿਆ ਹੋਇਆ ਕੋਟ, ਕਿਹਾ ਕਿ ਹਰ ਕੋਈ ਇਕ ਪਾਸੇ ਹੋ ਗਿਆ ਹੈ ਅਤੇ ਉਸਨੂੰ ਆਪਣੀ ਜਗ੍ਹਾ ਦੇ ਦਿੱਤੀ। ਜਦੋਂ ਉਹ ਮੰਚ ਤੇ ਆਇਆ…

159 ਪ੍ਰਾਰਥਨਾ ਕਾਰਡ ਦੀ ਅਦਲਾ ਬਦਲੀ ਕਰਨਾ ਨਿਯਮਾਂ ਦੇ ਵਿਰੁੱਧ ਹੈ। ਪ੍ਰਾਰਥਨਾ ਕਾਰਡ ਪ੍ਰਾਪਤ ਕਰਨ ਲਈ ਹਰ ਕਿਸੇ ਨੂੰ ਆਪ ਹੀ ਸਭਾ ਵਿੱਚ ਆਉਣਾ ਚਾਹੀਦਾ ਹੈ। ਜੇ ਤੁਸੀਂ ਕਦੇ ਕਤਾਰ ਵਿੱਚ ਫੜੇ ਜਾਂਦੇ ਹੋ, ਕਿਸੇ ਹੋਰ ਨਾਲ ਪ੍ਰਾਰਥਨਾ ਕਾਰਡ ਅਦਲਾ ਬਦਲੀ ਕਰਦੇ ਹੋਏ, ਤਾਂ ਪ੍ਰਾਰਥਨਾ ਕਾਰਡ ਰੱਦ ਦਿੱਤਾ ਜਾਂਦਾ ਹੈ। ਸਮਝੇ? ਕਿਉਂਕਿ ਤੁਹਾਨੂੰ ਹਦਾਇਤਾਂ ਸੁਣਨ ਲਈ ਆਉਣਾ ਚਾਹੀਦਾ ਹੈ ਅਤੇ ਇਹ ਜਾਣਨਾ ਚਾਹੀਦਾ ਹੈ ਕਿ ਇਸਨੂੰ ਕਿਵੇਂ ਪ੍ਰਾਪਤ ਕਰਨਾ ਹੈ। ਇਹ ਤੁਹਾਡੇ ਤੇ ਹੈ। ਤੁਸੀਂ ਇਸਨੂੰ ਕਿਸੇ ਹੋਰ ਲਈ ਪ੍ਰਾਪਤ ਨਹੀਂ ਕਰ ਸਕਦੇ। ਤੁਸੀਂ ਇਸ ਨੂੰ ਆਪ ਹੀ ਲੈਣ ਆਉਣਾ ਹੈ, ਤਾਂ ਤੁਸੀਂ ਸੁਣੋ। ਕਿਸੇ ਵੱਡੇ ਬੰਦੇ ਨੇ ਕਿਹਾ, "ਜੇ…ਖੈਰ, ਮੈਂ ਇਸ ਚੀਜ਼ ਵਿੱਚ ਬਹੁਤਾ ਵਿਸ਼ਵਾਸ ਨਹੀਂ ਕਰਦਾ। ਪਰ, ਹੋ ਸਕਦਾ ਹੈ ਕਿ ਜੇ ਉਹ ਮੈਨੂੰ ਠੀਕ ਕਰ ਦੇਵੇ, ਮੈਂ…" ਤੁਸੀਂ ਵੇਖਿਆ? ਅਤੇ ਫਿਰ ਇਹ ਮੰਚ ਤੇ ਗੜਬੜ ਦਾ ਕਾਰਨ ਬਣਦਾ ਹੈ, ਇਸਲਈ ਉਹ ਉਸ ਚੀਜ਼ ਨੂੰ ਉੱਥੇ ਪਹੁੰਚਣ ਤੋਂ ਪਹਿਲਾਂ ਹੀ ਬਾਹਰ ਕੱਢ ਦਿੰਦੇ ਹਨ।

160 ਇਸ ਲਈ ਜਦੋਂ ਮੁੰਡਾ ਸ਼ੁਰੂ ਹੋਇਆ, ਜਾਂ ਪਿਤਾ ਨੇ ਮੰਚ ਤੇ ਆਉਣਾ ਸ਼ੁਰੂ ਕੀਤਾ, ਲੋਕਾਂ ਦੇ ਅੱਗੇ, ਬਿਲੀ ਨੇ ਉਸਤੋਂ ਉਸਦਾ ਪ੍ਰਾਰਥਨਾ ਕਾਰਡ ਮੰਗਿਆ। ਉਸ ਕੋਲ ਕੋਈ ਨਹੀਂ ਸੀ। ਕਿਹਾ, "ਫਿਰ ਮੈਨੂੰ ਅਫਸੋਸ ਹੈ, ਸ਼੍ਰੀ ਮਾਨ।" ਕਿਹਾ, "ਤੁਹਾਨੂੰ ਇੰਤਜਾਰ ਕਰਣਾ ਪਏਗਾ।"

161 ਉਸ ਨੇ ਕਿਹਾ, "ਠੀਕ ਹੈ।" ਕਿਹਾ, "ਮੈਂ ਇੰਤਜਾਰ ਕਰਾਂਗਾ।" ਕਿਹਾ, "ਮੈਂ ਬਾਕੀਆਂ ਵਾਂਗ ਆਪਣੀ ਵਾਰੀ ਲਵਾਂਗਾ, ਫਿਰ।" ਕਿਹਾ, "ਮੈਨੂੰ ਨਹੀਂ

ਪਤਾ ਸੀ ਕਿ ਮੈਨੂੰ ਇਹ ਕਰਨਾ ਪਏਗਾ।”

162 ਅਤੇ ਇਸ ਲਈ ਮੈਂ ਕਿਸੇ ਨਾਲ ਗੱਲ ਕਰ ਰਿਹਾ ਸੀ, ਮੈਂ ਇਸਨੂੰ ਸੁਣਿਆ। ਮੈਂ ਉਸ ਪਿਤਾ ਨੂੰ ਜਾਂਦੇ ਹੋਏ ਦੇਖਿਆ, ਅਤੇ ਮੈਂ ਕਿਹਾ, “ਕੀ ਮਸਲਾ ਸੀ?”

ਉਸ ਨੇ ਕਿਹਾ, “ਉਸ ਕੋਲ ਪ੍ਰਾਰਥਨਾ ਕਾਰਡ ਨਹੀਂ ਸੀ।”

ਅਤੇ ਕਿਸੇ ਚੀਜ ਨੇ ਮੈਨੂੰ ਕਿਹਾ, “ਉਸਨੂੰ ਵਾਪਸ ਲਿਆਓ।”

163 ਤਾਂ ਮੈਂ ਕਿਹਾ, “ਉਸਨੂੰ ਇੱਥੇ ਲਿਆਓ।” ਅਤੇ ਪਿਤਾ ਉੱਪਰ ਆਇਆ, ਅਤੇ ਉਸਦੇ ਚਿਹਰੇ ਤੋਂ ਹੰਝੂ ਵਹਿ ਰਹੇ ਹਨ, ਦਾੜ੍ਹੀ ਕਟਾਉਣ ਦੀ ਲੋੜ੍ਹ ਸੀ। ਅਤੇ ਉਹ—ਉਹ ਉੱਪਰ ਆਇਆ, ਅਤੇ ਇੱਥੇ *ਰੀਡਰਜ਼ ਡਾਇਜੈਸਟ* ਨੇ ਕਿਹਾ। ਦੇਖੋ? ਮੈਂ ਕੋਈ ਸਵਾਲ ਨਹੀਂ ਪੁੱਛਿਆ, ਪਰ ਸਿੱਧੇ ਬੱਚੇ ਦੇ ਚਿਹਰੇ ਵੱਲ ਦੇਖਿਆ, ਬੱਚੇ ਨੂੰ ਦੱਸਿਆ ਕਿ ਇਹ ਕਿੱਥੋਂ ਦਾ ਹੈ, ਇਹ ਮੇਓਸ ਦੇ ਕਲੀਨਿਕ ਵਿੱਚ ਗਿਆ ਸੀ, ਅਤੇ ਇਸ ਬਾਰੇ ਸਭ ਕੁਝ ਕੀ ਸੀ, ਇਹ ਕਿੰਨਾ ਬਿਮਾਰ ਰਿਹਾ ਸੀ, ਅਤੇ ਸਭ ਕੁਝ।

164 ਅਤੇ ਇਸ ਲਈ ਪਿਤਾ ਨੇ ਰੋਣਾ ਸ਼ੁਰੂ ਕਰ ਦਿੱਤਾ, ਅਤੇ ਜਾਣਾ ਸ਼ੁਰੂ ਕਰ ਦਿੱਤਾ। ਅਤੇ ਕਿਹਾ ਕਿ ਉਸਨੇ ਮੰਚ ਤੋਂ ਜਾਣਾ ਸ਼ੁਰੂ ਕੀਤਾ, ਅਤੇ ਉਹ ਪਿੱਛੇ ਮੁੜਿਆ, ਉਸਨੇ ਕਿਹਾ, “ਇਹ ਸਹੀ ਹੈ, ਸ਼੍ਰੀ ਮਾਨ।” ਉਸ ਨੇ ਕਿਹਾ, “ਪਰ ਕੀ ਮੇਰਾ ਬੱਚਾ ਜੀਵੇਗਾ?”

165 ਮੈਂ ਕਿਹਾ, “ਮੈਂ ਇਹ ਨਹੀਂ ਕਹਿ ਸਕਦਾ।” ਮੈਂ ਕਿਹਾ, “ਬਸ ਇੱਕ ਪਲ।” ਮੈਂ ਇੱਕ ਦਰਸ਼ਨ ਪ੍ਰਗਟ ਹੁੰਦਾ ਦੇਖਿਆ। ਮੈਂ ਕਿਹਾ, “ਤੁਸੀਂ ਇਸ ਤੇ ਵਿਸ਼ਵਾਸ ਨਹੀਂ ਕਰਨਾ ਚਾਹੋਗੇ, ਕਿਉਂਕਿ ਮੇਓਸ ਅਤੇ ਹੌਪਕਿੰਸ ਦੋਵਾਂ ਨੇ ਕਿਹਾ ਕਿ ਉਸ ਦਿਮਾਗ ਤੇ ਓਪਰੇਸ਼ਨ ਨਹੀਂ ਕੀਤਾ ਜਾ ਸਕਦਾ ਹੈ, ਪਰ ਮੈਂ ਤੁਹਾਨੂੰ ਦੱਸਦਾ ਹਾਂ ਕਿ ਕੀ ਕਰਨਾ ਹੈ। ਤੁਸੀਂ, ਕੱਲ੍ਹ, ਤੁਸੀਂ ਇਸ ਬੱਚੇ ਦੇ ਨਾਲ ਹੀ ਅੱਗੇ ਵਧੋ। ਅਗਲੇ ਤਿੰਨ ਦਿਨਾਂ ਦੇ ਅੰਦਰ ਤੁਸੀਂ ਸੜਕ ਤੇ ਇੱਕ ਕਾਲੇ-ਸਿਰ ਵਾਲੀ ਔਰਤ ਨੂੰ ਮਿਲੋਗੇ, ਅਤੇ ਉਹ ਔਰਤ ਤੁਹਾਨੂੰ ਪੁੱਛੇਗੀ ਕਿ ਉਸ ਬੱਚੇ ਨੂੰ ਕੀ ਤਕਲੀਫ਼ ਹੈ। ਅਤੇ ਫਿਰ ਉਹ ਤੁਹਾਨੂੰ ਇੱਥੇ ਕੁਝ ਛੋਟੇ ਜਿਹੇ ਪੇਂਡੂ ਡਾਕਟਰ ਬਾਰੇ ਦੱਸੇਗੀ ਜੋ ਇਹ ਓਪਰੇਸ਼ਨ ਕਰ ਸਕਦਾ ਹੈ, ਅਤੇ ਤੁਸੀਂ ਇਸ ਤੇ ਵਿਸ਼ਵਾਸ ਨਹੀਂ ਕਰਨਾ ਚਾਹੋਗੇ, ਕਿਉਂਕਿ ਮੇਓਸ ਨੇ ਇਸ ਨੂੰ ਠੁਕਰਾ ਦਿੱਤਾ ਅਤੇ ਕਿਹਾ, ‘ਇਹ ਕਰਨਾ ਅਸੰਭਵ ਹੈ।’ ਪਰ ਇਹ ਇੱਕੋ ਇੱਕ ਮੌਕਾ ਹੈ ਜੋ ਤੁਹਾਡੇ ਬੱਚੇ ਕੋਲ ਹੈ, ਪਰਮੇਸ਼ੁਰ ਦੀ ਸ਼ਕਤੀ ਦੁਆਰਾ, ਪਰਮੇਸ਼ੁਰ ਦੀ ਦਇਆ ਅਤੇ ਉਸ ਓਪਰੇਸ਼ਨ ਦੁਆਰਾ। ਹੁਣ, ਜੇ ਤੁਸੀਂ ਮੈਨੂੰ ਉਸਦਾ ਨਬੀ ਮੰਨਦੇ ਹੋ, ਤਾਂ ਜਾਓ ਜਿਵੇਂ ਮੈਂ ਤੁਹਾਨੂੰ ਦੱਸਦਾ ਹਾਂ ਉਸੇ ਤਰ੍ਹਾਂ ਕਰੋ।” ਜਿਵੇਂ ਕਿ ਹਿਜ਼ਕੀਯਾਹ ਉੱਤੇ ਅੰਜੀਰ ਰੱਖਣਾ, ਅਤੇ ਆਦਿ ਆਦਿ।

ਉਸ ਨੇ ਕਿਹਾ, ਉਹ ਮੁੜਿਆ ਅਤੇ ਕਿਹਾ, "ਤੁਹਾਡਾ ਧੰਨਵਾਦ।" ਤੁਰ ਪਿਆ।

166 ਦੋ ਜਾਂ ਵੱਧ ਦਿਨ ਬੀਤ ਚੁੱਕੇ ਸਨ, ਅਤੇ ਉਹ ਇੱਕ ਦਿਨ ਗਲੀ ਵਿੱਚ ਸੀ, ਅਤੇ ਇੱਕ ਔਰਤ ਆਈ, ਕਿਹਾ, "ਤੁਹਾਡੇ ਬੱਚੇ ਨੂੰ ਕੀ ਤਕਲੀਫ਼ ਹੈ?"

167 ਕਿਹਾ, "ਇਸ ਨੂੰ ਦਿਮਾਗ ਦੀ ਇੱਕ—ਇੱਕ ਬਿਮਾਰੀ ਹੈ।" ਅਤੇ ਉਹ ਇਵੇਂ ਹੀ ਗੱਲਾਂ ਕਰਦਾ ਜਾ ਰਿਹਾ ਸੀ। ਅਤੇ, ਖੈਰ, ਉਨ੍ਹਾਂ—ਉਨ੍ਹਾਂ ਨੇ ਸੋਚਿਆ ਕਿ ਇਹ ਬਹੁਤ ਬੁਰਾ ਸੀ, ਤੁਸੀਂ ਜਾਣਦੇ ਹੋ।

168 ਇਸ ਲਈ ਉਸਨੇ ਕਿਹਾ ਕਿ ਕੁਝ ਮਿੰਟਾਂ ਵਿੱਚ ਕੁਝ ਵਾਪਰ ਗਿਆ। ਉਸ ਨੇ ਕਿਹਾ, "ਸ਼੍ਰੀ ਮਾਨ, ਮੈਂ ਕਿਸੇ ਅਜਿਹੇ ਵਿਅਕਤੀ ਨੂੰ ਜਾਣਦੀ ਹਾਂ ਜੋ ਇਹ ਆਪ੍ਰੇਸ਼ਨ ਕਰ ਸਕਦਾ ਹੈ।"

169 ਉਸ ਨੇ ਕਿਹਾ, "ਬੀਬੀ, ਦੇਖ, ਮੇਓ ਬ੍ਰਦਰਜ਼ ਨੇ ਇਸਤੋਂ ਹਾਰ ਮੰਨ ਲਈ ਹੈ ਅਤੇ ਕਿਹਾ ਕਿ ਇਹ ਨਹੀਂ ਕੀਤਾ ਜਾ ਸਕਦਾ।" ਕਿਹਾ, "ਇੱਥੇ ਇੱਕ ਆਦਮੀ ਇਸ ਲਈ ਪ੍ਰਾਰਥਨਾ ਕਰ ਰਿਹਾ ਸੀ, ਜਿਸਦਾ ਨਾਮ ਭਾਈ ਬ੍ਰਨਹਾਮ ਸੀ।" ਕਿਹਾ, "ਉਸਨੇ ਬੱਚੇ ਲਈ ਪ੍ਰਾਰਥਨਾ ਕੀਤੀ ਹੈ।" ਉਸ ਨੇ ਕਿਹਾ, "ਇੱਕ ਮਿੰਟ ਰੁਕੋ! ਕਾਲੇ-ਸਿਰ ਵਾਲੀ, ਸਲੇਟੀ ਰੰਗ ਦਾ ਕੋਟ ਸੂਟ ਪਹਿਨੇ ਹੋਏ।" ਕਿਹਾ, "ਇਹ ਉਹੀ ਹੈ।" ਕਿਹਾ, "ਉਹ ਡਾਕਟਰ ਕਿੱਥੇ ਹੈ?" ਅਤੇ ਉਸਨੇ ਉਸਨੂੰ ਦੱਸਿਆ। ਉਸ ਨੂੰ ਉੱਥੇ ਲੈ ਕੇ ਗਏ ਅਤੇ ਡਾਕਟਰ ਨੇ ਅਪਰੇਸ਼ਨ ਕੀਤਾ, ਬੱਚਾ ਠੀਕ ਹੋ ਗਿਆ।

170 ਹੁਣ, ਇਹ *ਰੀਡਰਜ਼ ਡਾਇਜੈਸਟ* ਦੁਆਰਾ ਆਇਆ ਹੈ, ਤੁਸੀਂ ਦੇਖੋ। ਅਤੇ ਮੇਓ ਬ੍ਰਦਰਜ਼ ਨੇ ਮੈਨੂੰ ਇਸਦੇ ਲਈ ਇੱਕ ਇੰਟਰਵਿਊ ਤੇ ਬੁਲਾਇਆ। ਕਿਹਾ, "ਆਦਰਨੀਯ ਬ੍ਰਨਹਾਮ, ਤੁਸੀਂ ਬੱਚੇ ਨਾਲ ਕੀ ਕੀਤਾ?"

171 ਮੈਂ ਕਿਹਾ, "ਕੁਝ ਨਹੀਂ। ਮੈਂ ਇਸਨੂੰ ਕਦੇ ਨਹੀਂ ਛੂਹਿਆ। ਮੈਂ ਉਹੀ ਦੱਸਿਆ ਜੋ ਪਰਮੇਸ਼ੁਰ ਨੇ ਮੈਨੂੰ ਇਸ ਨੂੰ ਦੱਸਣ ਲਈ ਕਿਹਾ ਸੀ। ਆਦਮੀ ਨੇ ਇਸ ਦੀ ਆਗਿਆਕਾਰੀ ਕੀਤੀ।"

172 ਹੁਣ, ਇਸ ਬਾਰੇ ਮਜ਼ੇਦਾਰ ਗੱਲ ਇਹ ਹੈ ਕਿ, ਉਸ ਤੋਂ ਦੋ ਹਫ਼ਤੇ ਬਾਅਦ, ਜਾਂ ਉਸ ਤੋਂ ਦੋ ਹਫ਼ਤੇ ਪਹਿਲਾਂ, ਜਾਂ ਤਿੰਨ, *ਰੀਡਰਜ਼ ਡਾਇਜੈਸਟ* ਵਿੱਚ, ਸ਼ਾਇਦ ਇੱਕ ਮਹੀਨਾ ਪਹਿਲਾਂ, ਮਿਸ ਪਾਈਪਰ ਦਾ ਲੇਖ ਆਇਆ ਸੀ। ਹੁਣ, ਉਹ ਇੱਕ ਅਸਲੀ ਜਾਦੂਗਰਨੀ ਹੈ, ਜਾਂ ਇੱਕ ਸਾਧਨ ਹੈ। ਹੁਣ, ਇੱਥੇ ਇੱਕ ਅਸਲੀ ਹੈ, ਅਤੇ ਉੱਥੇ ਕੋਈ ਨਕਲ ਕਰ ਰਿਹਾ ਹੈ। ਉਨ੍ਹਾਂ ਕੋਲ ਉਹ ਔਰਤ 1897 ਤੋਂ ਹੈ। ਉਹ ਹੁਣ ਸੌ ਸਾਲ ਤੋਂ ਵੱਧ ਉਮਰ ਦੀ ਹੈ, ਨਿਊਯਾਰਕ ਵਿੱਚ, ਦੋਵੇਂ… ਬਹੁਤ ਘੱਟ ਸੁਣਾਈ ਦਿੰਦਾ ਹੈ। *ਰੀਡਰਜ਼ ਡਾਇਜੈਸਟ*, ਲਵੋ…ਮੈਨੂੰ ਲੱਗਦਾ

ਹੈ ਕਿ ਇਹ ਮੇਰੇ ਤੋਂ ਦੋ ਮਹੀਨੇ ਪਹਿਲਾਂ ਜਾਂ ਇੱਕ ਮਹੀਨਾ ਪਹਿਲਾਂ ਆਈ ਸੀ; ਅਤੇ ਤੁਸੀਂ ਇਸਨੂੰ, ਸ਼ੁਰੂਆਤੀ ਪਤਝੜ ਵਿੱਚ ਲੱਭ ਸਕਦੇ ਹੋ। ਮਿਸਟਰ ਬੈਕਸਟਰ ਕੋਲ ਕਿਸੇ ਦਿਨ ਇਹ ਇੱਥੇ ਸੀ। ਜੇ ਮੈਂ ਇਸ ਬਾਰੇ ਸੋਚਿਆ ਹੁੰਦਾ, ਤਾਂ ਮੇਰੇ ਕੋਲ ਉਹ ਹੁੰਦਾ...ਜਾਂ ਪਤਾ ਹੁੰਦਾ ਕਿ ਮੈਂ ਇਹ ਕਹਿਣ ਜਾ ਰਿਹਾ ਸੀ, ਮੈਂ—ਮੈਂ ਇਸ ਨੂੰ ਨਾਲ ਲੈ ਕੇ ਆਉਂਦਾ। ਮੈਂ ਇਹ ਤੁਹਾਡੇ ਲਈ ਲਿਆ ਸਕਦਾ ਹਾਂ। ਅਤੇ ਇਸ ਦੇ ਬਾਰਾਂ ਜਾਂ ਚੌਦਾਂ ਪੰਨੇ ਹਨ। ਉਹ ਸਿਰਫ਼ ਇੱਕ ਆਮ ਘਰੇਲੂ ਔਰਤ ਸੀ। ਅਤੇ ਉਹ ਇੱਕ ਦਿਨ ਬੇਹੋਸ਼ੀ ਦੀ ਹਾਲਤ ਵਿੱਚ ਚਲੀ ਗਈ, ਕਸ਼ਟ ਝੱਲਦੀ ਹੋਈ, ਉਹ ਮੁਰਦਿਆਂ ਨਾਲ ਗੱਲ ਕਰਨ ਲੱਗ ਪਈ। ਅਤੇ ਉਹਨਾਂ ਕੋਲ ਉਹ ਔਰਤ ਸਾਰੀ ਦੁਨੀਆਂ ਵਿੱਚ, ਹਰ ਥਾਂ ਸੀ। ਉਹ ਉਸ ਨੂੰ ਇੰਗਲੈਂਡ ਲੈ ਗਏ। ਉਸਦੇ ਕੱਪੜੇ ਵੀ ਬਦਲ ਦਿੱਤੇ, ਕਈ ਵਾਰ, ਅਤੇ ਦੇਖਿਆ ਕਿ ਕੀ ਕੁਝ ਗਲਤ ਜਾਂ ਕੁਝ ਹੈ, ਅਤੇ ਉਥੇ ਪਹੁੰਚ ਗਈ ਅਤੇ ਉਨ੍ਹਾਂ ਕਿਸੇ ਦੇ ਚਿਹਰੇ ਤੇ, ਇੱਕ ਯੂਨਾਨੀ ਨਕਾਬ ਚੜ੍ਹਾਇਆ, ਅਤੇ ਇਸ ਤਰ੍ਹਾਂ ਨਾਟਕ ਕੀਤਾ ਜਿਵੇਂ ਉਹ ਇੱਕ ਅੰਗਰੇਜ਼ ਸੀ। ਅਤੇ ਉਸਨੇ ਉਸਨੂੰ ਇਸ ਬਾਰੇ ਸਭ ਕੁਝ ਦੱਸ ਦਿੱਤਾ। ਅਤੇ ਉਹ—ਉਹ—ਉਹ ਆਪਣੇ ਮਰੇ ਹੋਏ ਸਾਥੀਆਂ ਵਿੱਚੋਂ ਇੱਕ ਨੂੰ ਬੁਲਾਉਣਾ ਚਾਹੁੰਦਾ ਸੀ।

173 ਹੁਣ, ਸਿਰਫ ਗੱਲ ਸੀ...ਪੂਰੀ ਦੁਨੀਆ ਵਿੱਚ, ਅਤੇ ਇੱਥੇ *ਰੀਡਰਜ਼ ਡਾਇਜੈਸਟ* ਨੇ ਕਿਹਾ, ਇੱਥੇ ਕੁਝ ਰਾਤਾਂ ਪਹਿਲਾਂ, ਜਾਂ ਕੁਝ ਮਹੀਨੇ ਪਹਿਲਾਂ, ਉਨ੍ਹਾਂ ਵਿੱਚੋਂ ਇੱਕ ਚੀਜ਼ ਦਾ ਪਰਦਾਫਾਸ਼ ਹੋਇਆ ਸੀ। ਇੱਕ ਆਦਮੀ ਨੇ ਆਪਣੀ ਮਾਂ ਦੇ ਭੂਤ ਵਾਲੇ ਹੱਥ ਨੂੰ ਚੁੰਮਣਾ ਸੀ, ਅਤੇ ਅਗਲੇ ਦਿਨ ਪੁਲਿਸ ਦੀ ਅਦਾਲਤ ਵਿੱਚ ਇਹ ਸਾਬਤ ਹੋ ਗਿਆ ਕਿ ਉਸਨੇ ਸਿਰਫ ਪਨੀਰ ਦੇ ਇੱਕ ਟੁਕੜੇ ਨੂੰ ਚੁੰਮਿਆ ਸੀ। ਬਹੁਤ ਸਾਰੇ ਲੋਕ ਇੱਕ ਸਾਧਨ ਦੀ ਨਕਲ ਕਰ ਰਹੇ ਹਨ! ਉਹ ਸਿਰਫ ਗਲੀ ਦੇ ਕਿਨਾਰੇ ਬੈਠੇ ਇਹ ਛੋਟੇ ਪੁਰਾਣੇ ਪਾਠਕ ਹਨ, ਜੋ ਸ਼ੁਰੂ ਤੋਂ ਸਾਧਨ ਨਹੀਂ ਹਨ। ਉਹ ਜਾਅਲੀ ਨਕਲ ਕਰਨ ਵਾਲਿਆਂ ਤੋਂ ਸਿਵਾਏ ਹੋਰ ਕੁਝ ਨਹੀਂ ਹਨ। ਪਰ ਇੱਕ ਅਸਲੀ ਸਾਧਨ ਹੈ।

174 ਅਤੇ ਅਸੀਂ ਧਾਰਮਿਕ ਲੋਕ ਹਾਂ, ਸਾਡੇ ਕੋਲ ਦੋਵਾਂ ਪਾਸਿਆਂ ਤੋਂ ਬਹੁਤ ਸਾਰੇ ਨਕਲ ਕਰਨ ਵਾਲੇ ਹਨ। ਹੁਣ ਕੁਝ ਮਿੰਟਾਂ ਲਈ ਰੁਕੋ।

175 ਹੁਣ ਧਿਆਨ ਦਿਓ, ਕਿ ਮਿਸ ਪਾਈਪਰ ਇੱਕ ਅਸਲੀ ਸਾਧਨ ਹੈ। ਅਤੇ ਮੈਗਜ਼ੀਨ ਨੇ ਕਿਹਾ, "ਇੱਥੇ ਇੱਕ ਗੱਲ ਇਹ ਹੈ ਜੋ ਯਕੀਨਨ ਹੋ ਸਕਦੀ ਹੈ, ਕਿ, ਜਦੋਂ ਇੱਕ ਆਦਮੀ ਮਰਦਾ ਹੈ, ਤਾਂ ਉਹ ਮਰਿਆ ਨਹੀਂ ਹੁੰਦਾ। ਉਹ ਕਿਤੇ ਜੀ ਰਿਹਾ ਹੈ, ਕਿਉਂਕਿ ਉਹ ਔਰਤ ਉਨ੍ਹਾਂ ਦੀ ਆਤਮਾ ਨੂੰ ਵਾਪਸ ਬੁਲਾਉਂਦੀ ਹੈ ਅਤੇ ਲੋਕਾਂ ਨਾਲ ਗੱਲ ਕਰਦੀ ਹੈ।"

176 "ਹੁਣ, ਉਹ ਕੀ ਕਰਦੀ ਹੈ, ਭਾਈ ਬ੍ਰਨਹਾਮ? ਕੀ ਤੁਸੀਂ ਇਸ ਤੇ ਵਿਸ਼ਵਾਸ ਕਰਦੇ ਹੋ?" ਹਾਂ, ਸ਼੍ਰੀਮਾਨ। ਬਾਈਬਲ ਇਸ ਤਰ੍ਹਾਂ ਕਹਿੰਦੀ ਹੈ, ਇਹੀ ਕਾਰਨ ਹੈ ਕਿ ਮੈਂ ਇਸ ਤੇ ਵਿਸ਼ਵਾਸ ਕਰਦਾ ਹਾਂ। ਅਤੇ ਉਹ ਸ਼ੈਤਾਨ ਤੋਂ ਹੈ। ਅਧਿਆਤਮਵਾਦ ਸ਼ੈਤਾਨ ਦੀ ਚਾਲ ਹੈ। ਹੁਣ ਧਿਆਨ ਦਿਓ, ਹੁਣ ਉਨ੍ਹਾਂ ਦੋਵਾਂ ਨੂੰ ਦੇਖੋ।

177 ਅਤੇ ਫਿਰ ਤੁਹਾਨੂੰ ਚਿੱਠੀਆਂ ਨੂੰ ਮੇਰੇ ਵਲ ਆਉਂਦੀਆਂ ਵੇਖਣਾ ਚਾਹੀਦਾ ਸੀ, ਫਿਰ, ਜਦੋਂ ਮੇਰਾ ਲੇਖ ਉਸਦੇ ਪਿੱਛੇ ਆਇਆ। ਕੀ ਇਹ ਅਜੀਬ ਗੱਲ ਨਹੀਂ ਹੈ ਕਿ, ਸਮੇਂ ਦੇ ਅੰਤ ਤੋਂ ਪਹਿਲਾਂ, ਪਰਮੇਸ਼ੁਰ ਨੇ ਇਹ ਗੱਲਾਂ ਕਹੀਆਂ? ਅਤੇ *ਰੀਡਰਜ਼ ਡਾਇਜੈਸਟ* ਆਕਾਸ਼ ਦੇ ਹੇਠਾਂ ਹਰ ਭਾਸ਼ਾ ਵਿੱਚ ਪ੍ਰਕਾਸ਼ਿਤ ਹੁੰਦਾ ਹੈ। ਸਮਝੇ? ਧਿਆਨ ਦਿਓ, ਕੀ ਇਹ ਅਜੀਬ ਨਹੀਂ ਹੈ ਕਿ ਉਹ ਇੱਕ ਦੂਜੇ ਦੇ ਪਿੱਛੇ ਆਏ?

178 ਹੁਣ ਇੱਥੇ ਚਿੱਠੀਆਂ ਆਈਆਂ, ਕਿਹਾ, "ਭਾਈ ਬ੍ਰਨਹਾਮ, ਇਹ ਸਾਬਤ ਕਰਦਾ ਹੈ ਕਿ ਤੁਸੀਂ ਇੱਕ ਸਾਧਨ ਤੋਂ ਇਲਾਵਾ ਕੁਝ ਨਹੀਂ ਹੋ।" ਕਿਹਾ, "ਇਹ ਇਸ ਨੂੰ ਸਾਬਤ ਕਰਦਾ ਹੈ। ਇੱਥੇ ਦੇਖੋ, ਤੁਸੀਂ ਉਸ ਔਰਤ ਨੂੰ ਦੱਸਿਆ ਕਿ ਉਹ ਕਿੱਥੇ ਲੱਭਣ ਜਾ ਰਹੀ ਹੈ...*ਇਸ* ਔਰਤ ਨੂੰ ਦੇਖੋ?"

179 ਮੈਂ ਕਿਹਾ, "ਇੱਕ ਮਿੰਟ ਰੁਕੋ।" ਮੇਰੇ ਕੋਲ ਇੱਕ ਅਧਿਕਾਰਤ ਪੱਤਰ ਹੈ, (ਮੈਨੂੰ ਮਾਫ਼ ਕਰਨਾ), ਲੋਕਾਂ ਨੂੰ ਭੇਜਣ ਲਈ। ਮੈਂ ਕਿਹਾ, "ਤੁਸੀਂ ਪ੍ਰਚਾਰਕ ਕਿੰਨਾ ਘੱਟ ਜਾਣਦੇ ਹੋ।" ਮੈਂ ਕਿਹਾ, "ਆਪਣੇ ਸਰੀਰ ਨੂੰ ਬਪਤਿਸਮਾ ਦੇਣ ਦੀ ਬਜਾਏ, ਤੁਹਾਨੂੰ ਆਪਣੇ ਦਿਮਾਗ ਨੂੰ ਬਪਤਿਸਮਾ ਦੇਣ ਦੀ ਲੋੜ ਹੈ।" ਇਹ ਠੀਕ ਹੈ। "ਤੁਸੀਂ ਚੀਜ਼ਾਂ ਬਾਰੇ ਸੋਚਣ ਲਈ ਨਹੀਂ ਰੁਕਦੇ। ਤੁਸੀਂ ਇਸ ਤੇ ਵਿਚਾਰ ਕਰਨ ਦੀ ਕੋਸ਼ਿਸ਼ ਨਹੀਂ ਕਰਦੇ।"

180 ਇਸੇ ਤਰ੍ਹਾਂ ਉਨ੍ਹਾਂ ਨੇ ਉਨ੍ਹਾਂ ਦਿਨਾਂ ਵਿੱਚ ਕੀਤਾ ਸੀ। ਉਨ੍ਹਾਂ ਨੇ ਯਿਸੂ ਨੂੰ ਦੇਖਿਆ। ਉਹ ਜਾਣਦੇ ਸਨ ਕਿ ਉਹ ਕਰ ਸਕਦਾ ਸੀ...ਉਹ ਉਨ੍ਹਾਂ ਦੇ ਦਿਲ ਦੇ ਭੇਤ ਜਾਣਦਾ ਸੀ। ਉਹ ਜਾਣਦਾ ਸੀ ਕਿ ਉਹ ਇਸ ਤਰ੍ਹਾਂ ਕੀ ਕਰ ਰਹੇ ਸਨ। ਅਤੇ ਉਨ੍ਹਾਂ ਨੇ ਕਿਹਾ, "ਉਹ ਭੂਤਾਂ ਦਾ ਸਰਦਾਰ ਹੈ। ਉਹ ਬਆਲਜਬੂਬ ਹੈ, ਦੁਨੀਆ ਦਾ ਸਭ ਤੋਂ ਵਧੀਆ ਭਵਿੱਖ ਦੱਸਣ ਵਾਲਾ।" ਉਹ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰਨ ਲਈ ਨਹੀਂ ਰੁਕੇ, ਇਹ ਦੇਖਣ ਲਈ ਕਿ ਉਹ ਪਰਮੇਸ਼ੁਰ ਦਾ ਪੁੱਤਰ ਸੀ। ਉਹ ਇਸ ਨੂੰ ਜਾਣਨ ਲਈ ਐਨੇ ਆਤਮਿਕ ਨਹੀਂ ਸਨ। ਇਹੀ ਗੱਲ ਹੈ, ਉਹ ਚੀਜ਼ ਨੂੰ ਉੱਪਰੋਂ ਪੜ੍ਹਦੇ ਹਨ। ਯਕੀਨਨ, ਯਿਸੂ ਨੇ ਯਰੂਸ਼ਲਮ ਵਿੱਚ ਆਉਣਾ ਸੀ, ਇੱਕ ਖੱਚਰ ਉੱਤੇ ਸਵਾਰ ਹੋ ਕੇ, ਅਤੇ ਵਗੈਰਾ ਵਗੈਰਾ, ਪਰ ਉਹ ਦੂਜੀ ਆਮਦ ਨੂੰ ਦੇਖ ਰਹੇ ਸਨ।

181 ਅਤੇ ਅੱਜ ਵੀ ਉਹੀ ਗੱਲ ਹੈ! ਉਹ ਅਸਲ ਚੀਜ਼ ਦੇ ਸਿਖਰ ਤੇ ਦੇਖ ਰਹੇ ਹਨ। ਹਲਲੂਯਾਹ! ਇਹ ਠੀਕ ਹੈ। ਮੈਂ ਜਾਣਦਾ ਹਾਂ ਕਿ ਪਰਮੇਸ਼ੁਰ ਇੱਥੇ ਹੈ, ਅੱਜ ਦੁਪਹਿਰ, ਅਤੇ ਮੈਂ ਜਾਣਦਾ ਹਾਂ ਕਿ ਮੈਂ ਤੁਹਾਡਾ ਬਹੁਤ ਸਾਰਾ ਸਮਾਂ ਲੈ ਰਿਹਾ ਹਾਂ, ਪਰ ਤੁਹਾਨੂੰ ਇਹ ਸਮਝਣਾ ਚਾਹੀਦਾ ਹੈ, ਦੋਸਤ। ਜੇ ਮੈਂ ਤੁਹਾਨੂੰ ਦੁਬਾਰਾ ਕਦੇ ਨਹੀਂ ਮਿਲਦਾ, ਤਾਂ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਭੂਤ ਕੀ ਹਨ, ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਹੀ ਅਤੇ ਗਲਤ ਕੀ ਹੈ। ਅਤੇ ਇਹ ਬਹੁਤ ਨੇੜੇ ਹਨ, ਤੁਹਾਨੂੰ ਚੀਜ਼ ਨੂੰ ਵੱਖ ਕਰਨਾ ਪਏਗਾ।

182 ਹੁਣ ਯਾਦ ਰੱਖੋ, ਇਹ ਉੱਥੇ ਬਾਹਰ ਨਹੀਂ ਹੋਵੇਗਾ, ਫਰੀਸੀਆਂ ਵਾਂਗ ਕੁਝ *ਇਸ* ਪਾਸੇ, ਜਾਂ ਕੁਝ ਪਿੱਛੇ *ਉਸ* ਪਾਸੇ। ਇਹ ਇੱਥੇ ਦਰਵਾਜ਼ੇ ਦੇ ਕੋਲ ਹੈ, ਬਿਲਕੁਲ ਨੇੜੇ ਹੈ। ਇਸ ਨੂੰ ਦੇਖੋ। ਹੁਣ ਜੇ ਮੈਂ ਲਵਾਂ…

183 ਆਓ ਉਨ੍ਹਾਂ ਦੋ ਮਾਮਲਿਆਂ ਨੂੰ ਲੈਂਦੇ ਹਾਂ। ਜੇ ਮੈਂ ਤੁਹਾਨੂੰ ਡਾਲਰ ਦੇਵਾਂ, ਹੁਣ, ਜੇ ਮੈਂ ਤੁਹਾਨੂੰ ਇੱਕ ਜਾਅਲੀ ਡਾਲਰ ਦੇਵਾਂ। ਅਸੀਂ ਇੱਕ ਦ੍ਰਿਸ਼ਟਾਂਤ ਦੀ ਵਰਤੋਂ ਕਰਾਂਗੇ ਤਾਂ ਜੋ ਤੁਸੀਂ ਇਸਨੂੰ ਸਮਝ ਸਕੋ। ਸਭ ਤੋਂ ਪਹਿਲਾਂ ਜੋ ਤੁਸੀਂ ਕਰੋਗੇ, ਜੇ ਤੁਸੀਂ ਇੱਕ ਹੁਸ਼ਿਆਰ ਆਦਮੀ ਹੋ, ਜੇ ਤੁਸੀਂ ਇੱਕ ਡਾਲਰ ਚੁੱਕਦੇ ਹੋ ਅਤੇ ਇਸ ਨੂੰ ਦੇਖਦੇ ਹੋ, ਪਹਿਲੀ ਗੱਲ, ਤੁਸੀਂ ਇਸਨੂੰ ਮਹਿਸੂਸ ਕਰੋਗੇ ਅਤੇ ਦੇਖੋਗੇ ਕਿ ਇਹ ਕਿਸ ਚੀਜ਼ ਤੋਂ ਬਣਿਆ ਹੈ। ਕੀ ਇਹ ਸਹੀ ਹੈ? ਤੁਸੀਂ ਦੇਖੋਗੇ ਕਿ ਇਹ ਕਿਸ ਚੀਜ਼ ਤੋਂ ਬਣਿਆ ਹੈ। ਤੁਸੀਂ ਇਸਦੇ ਮੁੱਲ ਨੂੰ ਵੇਖੋਗੇ। ਇੱਕ ਅਸਲੀ ਡਾਲਰ ਕਾਗਜ਼ ਤੋਂ ਨਹੀਂ ਬਣਦਾ, ਇਸ ਵਿੱਚ ਥੋੜਾ ਕਾਗਜ਼ ਅਤੇ ਥੋੜਾ ਰੇਸ਼ਮ ਦਾ ਹਿੱਸਾ ਹੁੰਦਾ ਹੈ, ਤੁਸੀਂ ਦੇਖੋ। ਅਤੇ ਪਹਿਲੀ ਗੱਲ, ਤੁਹਾਨੂੰ ਇਸਦੇ ਮੁੱਲ ਨੂੰ ਵੇਖਣਾ ਪਏਗਾ। ਇਹ ਪਹਿਲਾ ਸੰਕੇਤ ਹੈ।

184 ਅਤੇ ਹੁਣ ਆਓ ਉਸ ਨੂੰ *ਇਸ* ਪਾਸੇ ਰੱਖੀਏ; ਅਤੇ ਪ੍ਰਭੂ ਨੂੰ *ਇਸ* ਪਾਸੇ ਲੈ ਜਾਓ, ਜੋ ਸਾਡੇ ਨਾਲ ਗੱਲ ਕਰ ਰਿਹਾ ਹੈ।

185 ਹੁਣ ਦੇਖੋ, ਸਭ ਤੋਂ ਪਹਿਲਾਂ ਤੁਹਾਨੂੰ ਧਿਆਨ ਦੇਣਾ ਚਾਹੀਦਾ ਹੈ, ਸਭ ਕੁਝ… ਆਪਣਾ ਲੇਖ ਦੇਖੋ। ਉਸਦੇ ਦੇ ਭਵਿੱਖ-ਦੱਸਣ ਦੇ ਪੰਜਾਹ-ਕੁ ਸਾਲਾਂ ਵਿੱਚ, ਅਤੇ ਮਰਿਆਂ ਹੋਇਆਂ ਦੀਆਂ ਆਤਮਾਵਾਂ ਨੂੰ ਉਤਾਹਾਂ ਬੁਲਾਉਂਦੇ ਹੋਏ, ਉਸਨੇ ਇੱਕ ਵਾਰ ਵੀ ਪਰਮੇਸ਼ੁਰ ਦਾ ਜਿਕਰ ਨਹੀਂ ਕੀਤਾ, ਮਸੀਹ, ਦੈਵਿਕ ਚੰਗਾਈ, ਛੁਟਕਾਰਾ, ਨਿਆਂ, ਜਾਂ ਕੁਝ ਵੀ ਨਹੀਂ। ਇਸ ਵਿੱਚ ਕਲੋਲ ਅਤੇ ਬੇਵਕੂਫੀ ਤੋਂ ਬਗੈਰ ਹੋਰ ਕੁਝ ਨਹੀਂ ਹੈ।

186 ਪਰ *ਇਸ* ਪਾਸੇ, ਇਹ ਲਗਾਤਾਰ ਪਰਮੇਸ਼ੁਰ ਹੈ, ਨਿਆਂ, ਯਿਸੂ ਦੀ ਆਮਦ, ਰੱਬੀ ਚੰਗਾਈ, ਪਰਮੇਸ਼ੁਰ ਦੀ ਸ਼ਕਤੀ, ਛੁਟਕਾਰਾ। ਇਸ ਦੀ ਕੀਮਤ ਵੱਲ੍ਹ ਵੇਖੋ। ਤੁਸੀਂ ਜੋਤਸ਼ੀਆਂ ਅਤੇ ਜਾਦੂਗਰਨੀਆਂ ਨੂੰ ਇੰਜੀਲ ਦਾ ਪ੍ਰਚਾਰ ਕਰਦੇ ਹੋਏ ਨਹੀਂ

ਵੇਖਦੇ। ਲੋਕਾਂ ਨੂੰ ਕੀ ਹੋ ਗਿਆ ਹੈ? ਮੇਰੇ! ਧਿਆਨ ਦਿਓ!

187 ਅਤੇ ਅਸਲ ਗੱਲ ਇਹ ਹੈ ਕਿ, ਜੇਕਰ ਤੁਸੀਂ ਇਹ ਪਤਾ ਲਗਾਉਣਾ ਚਾਹੁੰਦੇ ਹੋ ਕਿ ਇਹ ਅਸਲ ਡਾਲਰ ਹੈ ਜਾਂ ਨਹੀਂ, ਜੇਕਰ ਇਹ ਇੰਨਾ ਜ਼ਿਆਦਾ ਇਸ ਵਰਗਾ ਲੱਗਦਾ ਹੈ, ਤਾਂ ਇਸਦੇ ਅੰਕਾਂ ਨੂੰ ਹਟਾਓ ਅਤੇ ਇਸਨੂੰ ਵਾਪਸ ਟਕਸਾਲ ਵਿੱਚ ਭੇਜ ਦਿਓ। ਅਤੇ ਜੇਕਰ ਉੱਥੇ ਉਹ ਅੰਕ ਹਨ ਜੋ ਇਸਦੇ ਨਾਲ ਮੇਲ ਖਾਂਦੇ ਹਨ, ਤਾਂ ਇੱਕ ਚਾਂਦੀ ਦਾ ਡਾਲਰ ਇਸਦਾ ਇੰਤਜ਼ਾਰ ਕਰ ਰਿਹਾ ਹੈ। ਕੀ ਇਹ ਸਹੀ ਹੈ?

188 ਅੱਛਾ, ਤਦ, ਭਾਈ, ਉਸ ਨੂੰ ਲਓ ਜੋ ਉਸਨੇ ਕੀਤਾ ਅਤੇ ਇਸਨੂੰ ਵਾਪਸ ਬਾਈਬਲ ਵਿੱਚ ਲੈ ਜਾਓ, ਤੁਸੀਂ ਦੇਖੋਗੇ ਕਿ ਇਹ ਏਨ-ਦੋਰ ਦੀ ਜਾਦੂਗਰਨੀ ਹੈ।

189 ਅਤੇ ਤੁਸੀਂ ਇਸ ਨੂੰ ਲਵੋ ਜੋ ਇੱਥੇ ਹੈ, ਤੁਸੀਂ ਇਸਨੂੰ ਪਿਛਾਂਹ ਪਾਓਗੇ, ਇਹ ਇੱਥੇ ਟਕਸਾਲ ਦੀ ਕਿਤਾਬ ਵਿੱਚ ਹੈ, "ਯਿਸੂ ਮਸੀਹ ਕੱਲ੍ਹ, ਅੱਜ ਅਤੇ ਸਦਾ ਲਈ ਇੱਕੋ ਜਿਹਾ ਹੈ।" ਯਕੀਨਨ, ਉਸਦੇ ਉਹੀ ਕੰਮ! ਉਸਨੇ ਜਾ ਕੇ ਲੋਕਾਂ ਨਾਲ ਮੂਰਖਤਾ ਅਤੇ ਬਕਵਾਸ ਨਹੀਂ ਕੀਤੀ। ਇਹ ਕਿਸੇ ਚੰਗੇ ਕੰਮ ਲਈ ਸੀ, ਕਿਸੇ ਦੀ ਮਦਦ ਕਰਨ ਲਈ, ਉਨ੍ਹਾਂ ਦੀ ਪਰਮੇਸ਼ੁਰ ਵੱਲ ਅਗਵਾਈ ਕਰਨ ਲਈ। ਆਮੀਨ! ਮੈਂ ਆਪਣੇ ਆਪ ਨੂੰ "ਆਮੀਨ" ਨਹੀਂ ਕਹਿ ਰਿਹਾ, ਪਰ *ਆਮੀਨ* ਦਾ ਮਤਲਬ ਹੈ "ਇਸੇ ਤਰ੍ਹਾਂ ਹੀ ਹੋਵੇ।" ਅਤੇ ਮੈਂ...ਮੈਨੂੰ ਇਸ ਤੇ ਵਿਸ਼ਵਾਸ ਹੈ। ਮੈਂ ਜਾਣਦਾ ਹਾਂ ਕਿ ਇਹ ਸੱਚ ਹੈ।

190 ਹੁਣ ਧਿਆਨ ਦਿਓ, ਤੁਸੀਂ ਇੱਥੇ ਹੋ। ਹੁਣ, ਹੁਣ ਛੇਤੀ ਨਾਲ, ਕਿਉਂਕਿ ਮੈਂ ਤੁਹਾਨੂੰ ਹੁਣ ਹੋਰ ਨਹੀਂ ਰੋਕਣਾ ਚਾਹੁੰਦਾ।

191 ਇੱਥੇ, ਆਓ ਇੱਥੇ ਇੱਕ ਛੋਟੀ ਜਿਹੀ ਤਸਵੀਰ ਦੇਈਏ, ਇੱਕ ਛੋਟੀ ਮਾਨਸਿਕ ਤਸਵੀਰ। ਇੱਥੇ ਇੱਕ ਨਦੀ ਹੈ ਬਿਲਕੁਲ ਇਸ ਦੇ ਵਿਚਕਾਰ, *ਇਸ* ਰਸਤੇ ਤੋਂ ਹੇਠਾਂ, ਜੀਵਨ ਦੁਆਰਾ ਹੇਠਾਂ ਆ ਰਹੀ ਹੈ। ਹੁਣ ਦੇਖੋ। ਇਹ ਇੱਕ ਮਾਰਗ ਹੈ। ਹੁਣ ਮੈਨੂੰ ਆਪਣਾ ਪੂਰਾ ਧਿਆਨ ਦਿਓ, ਤਾਂ ਜੋ ਤੁਸੀਂ ਇਸ ਤੋਂ ਖੁੰਝ ਨਾ ਜਾਓ। ਬਿਲਕੁਲ ਹੇਠਾਂ *ਇਸ* ਤਰ੍ਹਾਂ। ਹੁਣ, ਇੱਥੇ ਇਸ ਛੋਟੇ ਜਿਹੇ ਮਾਰਗ ਵਿੱਚ ਮਰਨਹਾਰ ਪ੍ਰਾਣੀ ਰਹਿੰਦੇ ਹਨ, ਤੁਸੀਂ ਅਤੇ ਮੈਂ। ਹੁਣ, ਉਸ ਵਿੱਚ, ਆਓ ਦੇਖੀਏ ਕਿ ਇਹ ਕੀ ਹੈ। ਇਹ ਮੂਰਖਤਾ ਅਤੇ ਹੋਰ ਸਭ ਕੁਝ ਦਾ ਸਮੂਹ ਹੈ, ਪਰ ਕਦੇ ਕਦਾਈਂ ਤੁਹਾਨੂੰ ਇੱਕ ਰੋਸ਼ਨੀ ਦਿਖਾਈ ਦੇਵੇਗੀ। ਤੁਸੀਂ ਹਨੇਰਾ ਅਤੇ ਗਲੀਆਂ ਦੇਖਦੇ ਹੋ, ਇਹ ਮਨੋਰੰਜਨ ਦਾਇਕ ਹਨ ਅਤੇ ਸ਼ੈਤਾਨਾਂ ਨਾਲ, ਭਰੀਆਂ ਹੋਇਆਂ ਹਨ ਲੋਕਾਂ ਨੂੰ ਲੈ ਰਹੀਆਂ ਹਨ। ਔਹ, ਉਹ ਵਧੀਆ ਕੱਪੜੇ ਪਾਉਂਦੇ ਹਨ, ਮੇਰੇ, ਅਤੇ ਇੰਨੇ ਜਿਆਦਾ ਸੁਸ਼ੀਲ ਜਿੰਨੇ ਉਹ ਹੋ ਸਕਦੇ ਹਨ, ਪਾਲਿਸ਼

ਕੀਤੇ ਹੋ ਵਿਦਵਾਨ, ਪਰ ਫਿਰ ਵੀ ਸ਼ੈਤਾਨ ਹਨ। ਪਰ ਉਥੇ ਨਵੇਂ-ਸਿਰੇ ਤੋਂ ਜੰਮਿਆ ਹੋਇਆ ਬੈਠਾ ਹੋਇਆ ਹੈ।

192 ਹੁਣ, ਇਸ ਮਾਰਗ ਵਿੱਚ ਇਹ ਲੋਕ ਦੋ ਵੱਖਰੇ ਪੱਖਾਂ ਤੋਂ ਪ੍ਰਭਾਵਿਤ ਹਨ। ਹੁਣ, *ਇਸ* ਇੱਕ-ਪਾਸੇ ਵੱਲ ਜਾਂਦੇ ਹੋਏ, ਇੱਕ ਤ੍ਰਿਏਕਤਾ ਹੈ। ਅਤੇ *ਇਸ* ਪਾਸੇ ਇੱਕ-ਰਸਤੇ ਵੱਲ ਜਾਂਦੇ ਹੋਏ, ਇੱਕ ਤ੍ਰਿਏਕਤਾ ਹੈ।

193 ਹੁਣ, ਜਦੋਂ, ਹੁਣ ਪਹਿਲਾਂ, *ਇਸ* ਪਾਸੇ, *ਅਧਰਮੀਆਂ* ਦੀਆਂ ਰੂਹਾਂ ਹਨ, ਜਦੋਂ ਇੱਕ ਆਦਮੀ ਮਰਦਾ ਹੈ ਤਾਂ ਉਹ ਇੱਕ ਜਗ੍ਹਾ ਤੇ ਜਾ ਕੇ ਨਿਆਂ ਦੀ ਉਡੀਕ ਕਰਦਾ ਹੈ। ਯਿਸੂ ਗਿਆ ਅਤੇ ਉਨ੍ਹਾਂ ਰੂਹਾਂ ਨੂੰ ਪ੍ਰਚਾਰ ਕੀਤਾ ਜੋ ਉੱਥੇ ਕੈਦ ਵਿੱਚ ਸਨ। ਉਸ ਤੋਂ ਬਾਅਦ ਭੂਤ ਹਨ। ਉਸ ਤੋਂ ਬਾਅਦ, ਨਰਕ ਵਿੱਚ ਸ਼ੈਤਾਨ ਹੈ। ਉੱਪਰ ਜਾਂਦੇ ਹੋਏ, ਪਹਿਲਾਂ, ਹੁਣ, ਉਨ੍ਹਾਂ ਵਿੱਚ ਭੂਤ, ਮਰੇ ਹੋਏ ਮਨੁੱਖਾਂ ਦੀਆਂ ਆਤਮਾਵਾਂ ਹਨ ਜਿਨ੍ਹਾਂ ਨੇ ਕਦੇ ਤੋਬਾ ਨਹੀਂ ਕੀਤੀ। ਉਹ ਨਿਆਂ ਦੀ ਉਡੀਕ ਕਰ ਰਹੇ ਹਨ। ਉਹ ਸਿਰਫ ਇੱਕੋ ਚੀਜ ਜਾਣਦੇ ਹਨ ਅਤੇ ਉਹ ਮੂਰਖਤਾ ਹੈ ਅਤੇ ਜੋ ਉਨ੍ਹਾਂ ਨੇ ਕੀਤਾ ਸੀ।

194 ਹੁਣ, ਇੱਥੇ, ਇਹ ਮਸੀਹੀ ਉੱਪਰ ਤੋਂ ਪ੍ਰਭਾਵਿਤ ਹਨ। ਇਹ ਦ੍ਰਿਸ਼ਟਾਂਤ ਹੈ। ਇੱਥੇ ਇੱਕ ਹੋਰ ਆਤਮਾ ਹੈ, ਪਵਿੱਤਰ ਆਤਮਾ, ਇੱਕ ਮਨੁੱਖ ਦੀ ਆਤਮਾ, ਮਸੀਹ ਯਿਸੂ। ਪਵਿੱਤਰ ਆਤਮਾ, ਪਵਿੱਤਰ ਆਤਮਾ ਆਪਣੀ ਕਲੀਸਿਯਾ ਨੂੰ ਮਰਨਹਾਰਾਂ ਦੇ ਇਸ ਖੇਤਰ ਵਿੱਚ ਪ੍ਰਭਾਵਿਤ ਕਰਦਾ ਹੈ।

195 ਸ਼ੈਤਾਨ, *ਇਹਨਾਂ* ਆਤਮਾਵਾਂ ਦੁਆਰਾ, ਮਨੁੱਖ ਨੂੰ ਪ੍ਰਭਾਵਿਤ ਕਰਦਾ ਹੈ। ਹੁਣ, ਦੇਖੋ, ਉਸ ਤੋਂ ਬਾਅਦ ਦੂਤ ਆਉਂਦੇ ਹਨ। ਉਸ ਤੋਂ ਬਾਅਦ ਪਰਮੇਸ਼ੁਰ ਹੈ। ਹੁਣ, ਇੱਥੇ ਹਰ ਪ੍ਰਾਣੀ ਇਨ੍ਹਾਂ ਸੰਸਾਰਾਂ ਵਿੱਚੋਂ ਕਿਸੇ ਇੱਕ ਤੋਂ ਪ੍ਰਭਾਵਿਤ ਹੁੰਦਾ ਹੈ। ਤੁਸੀਂ ਵੇਖ ਰਹੇ ਹੋ ਕਿ ਮੇਰਾ ਕੀ ਮਤਲਬ ਹੈ?

196 ਹੁਣ ਉਸ ਔਰਤ ਨੇ ਕੀ ਕੀਤਾ, ਉਹ ਉਸ ਖੇਤਰ ਵਿੱਚ ਚਲੀ ਗਈ। ਅਤੇ ਉਹ ਉਨ੍ਹਾਂ ਭੂਤ-ਚਿੰਬੜੇ ਹੋਏ ਮਨੁੱਖਾਂ ਨਾਲ ਗੱਲ ਕਰ ਰਹੀ ਹੈ, ਜੋ ਸ਼ੁਰੂ ਤੋਂ, ਉਨ੍ਹਾਂ ਡਿੱਗੇ ਹੋਏ ਦੂਤਾਂ ਦੀਆਂ ਆਤਮਾਵਾਂ ਸਨ ਜਿਨ੍ਹਾਂ ਨੇ ਸ਼ੁਰੂਆਤ ਵਿੱਚ ਤੋਬਾ ਨਹੀਂ ਕੀਤੀ, ਅਤੇ ਉਨ੍ਹਾਂ ਆਪਣੇ ਆਪ ਨੂੰ ਉਨ੍ਹਾਂ ਦੇ ਕਬਜ਼ੇ ਵਿੱਚ ਹੋਣ ਦਿੱਤਾ। ਅਤੇ ਉਹ ਨਿਆਂ ਦੀ ਉਡੀਕ ਕਰ ਰਹੇ ਹਨ।

197 ਅਤੇ *ਇਹ* ਇੱਥੇ ਪ੍ਰਭਾਵਿਤ ਹੋਏ ਹਨ ਅਤੇ ਪਰਮੇਸ਼ੁਰ ਦੀ ਆਤਮਾ ਦੁਆਰਾ ਦੁਬਾਰਾ ਜਨਮ ਲਏ ਹੋਏ ਹਨ। ਅਤੇ ਸ਼ੈਤਾਨ ਕੋਲ ਆਪਣੇ ਨਬੀ ਹਨ, ਅਤੇ ਪਰਮੇਸ਼ੁਰ ਕੋਲ ਆਪਣੇ। ਸਮਝੇ ਮੇਰਾ ਕੀ ਮਤਲਬ ਹੈ? ਇਹ ਪ੍ਰਭਾਵ ਹੈ, ਅਤੇ ਅਸੀਂ ਉੱਥੇ ਜਾਂਦੇ ਹਾਂ। ਇਸ ਨੂੰ ਵੱਖ ਕਰਨ ਲਈ ਰੁਕੋ। ਯਿਸੂ, ਜਦੋਂ ਉਹ ਇੱਥੇ ਧਰਤੀ ਉੱਤੇ ਸੀ…

198 ਹੁਣ, ਅੱਜ, ਉਹ ਉਸ ਖੇਤਰ ਵਿੱਚ ਦਾਖਲ ਨਹੀਂ ਹੋ ਸਕਦਾ ਅਤੇ ਇੱਕ ਧਰਮੀ ਮਨੁੱਖ ਨੂੰ ਉਸ ਖੇਤਰ ਵਿੱਚੋਂ ਬਾਹਰ ਨਹੀਂ ਕੱਢ ਸਕਦਾ। ਉਹ ਅਜਿਹਾ ਨਹੀਂ ਕਰ ਸਕਦਾ, ਕਿਉਂਕਿ ਧਰਮੀ ਲੋਕ ਉੱਥੇ ਨਹੀਂ ਹਨ ਜਿੱਥੇ ਉਹ ਪਹਿਲਾਂ ਹੁੰਦੇ ਸਨ, ਫਿਰਦੌਸ ਵਿੱਚ। ਨਹੀਂ, ਸ਼੍ਰੀ ਮਾਨ। ਫਿਰਦੌਸ ਖਤਮ ਕਰ ਦਿੱਤਾ ਗਿਆ ਸੀ, ਜਦੋਂ ਯਿਸੂ ਦੇ ਲਹੂ ਨੇ ਇਸ ਨੂੰ ਲੈ ਲਿਆ ਸੀ। ਇੱਥੇ ਦੇਖੋ। ਮੇਰੇ!

199 ਜੇ ਮੈਂ ਇਹ ਸੋਚ ਸਕਦਾ ਹਾਂ ਕਿ ਕਿਵੇਂ ਯਿਸੂ, ਜਦੋਂ ਉਹ ਮਰ ਗਿਆ, ਉਸਨੇ ਜਾ ਕੇ ਉਨ੍ਹਾਂ ਰੂਹਾਂ ਨੂੰ ਪ੍ਰਚਾਰ ਕੀਤਾ ਜੋ ਕੈਦ ਵਿੱਚ ਸਨ। ਉਹ ਮਰ ਗਿਆ, ਇੱਕ ਪਾਪੀ ਬਣ ਕੇ, ਪਾਪ ਨਹੀਂ ਜਾਣਦਾ ਸੀ, ਫਿਰ ਵੀ ਸਾਡਾ ਪਾਪ ਉਸ ਉੱਤੇ ਸੀ। ਅਤੇ ਪਰਮੇਸ਼ੁਰ ਨੇ, ਉਸਦੇ ਪਾਪਾਂ ਲਈ, ਉਸਨੂੰ ਨਰਕ ਵਿੱਚ ਭੇਜਿਆ। ਬਾਈਬਲ ਨੇ ਕਿਹਾ, "ਉਸ ਨੇ ਜਾ ਕੇ ਰੂਹਾਂ ਨੂੰ ਪ੍ਰਚਾਰ ਕੀਤਾ।"

200 ਕੁਝ ਲੋਕ ਕਹਿੰਦੇ ਹਨ, "ਭਾਈ ਬ੍ਰਨਹਾਮ, ਮੈਂ ਇਸਨੂੰ ਸਮਝ ਨਹੀਂ ਸਕਦਾ।" ਕਿਹਾ, "ਯਿਸੂ ਤੀਜੇ ਦਿਨ ਜੀ ਉੱਠਿਆ। ਸ਼ੁੱਕਰਵਾਰ ਦੁਪਹਿਰ ਉਹ ਮਰਿਆ ਅਤੇ ਐਤਵਾਰ ਸਵੇਰੇ ਜੀ ਉੱਠਿਆ, ਕਿਉਂ, ਉਹ ਸਿਰਫ ਇੱਕ ਦਿਨ ਲਈ ਮਰਿਆ ਸੀ।"

201 ਉਸ ਨੇ ਕਿਹਾ, "ਉਹਨਾਂ ਸਮਿਆਂ ਦੇ ਅੰਦਰ," ਕਿਉਂਕਿ ਉਸ ਕੋਲ ਬਾਈਬਲ ਵਿਚ ਇਕ ਲਿਖਤ ਸੀ, ਜਿਸ ਤੇ ਉਹ ਖੜ੍ਹਾ ਰਹਿ ਸਕਦਾ ਸੀ। ਕਿਉਂਕਿ, ਦਾਉਦ, ਇੱਕ ਆਦਮੀ ਜੋ ਬਾਅਦ ਵਿੱਚ ਪਿੱਛੇ ਹਟ ਗਿਆ, ਪਰ ਉਹ ਬਚਾ ਲਿਆ ਗਿਆ, ਪਰ ਪਰਮੇਸ਼ੁਰ ਦੀ ਪ੍ਰੇਰਣਾ ਹੇਠ ਇੱਕ ਨਬੀ ਸੀ, ਕਿਹਾ, "ਮੈਂ ਉਸਦੀ ਆਤਮਾ ਨੂੰ ਨਰਕ ਵਿੱਚ ਨਹੀਂ ਛੱਡਾਂਗਾ, ਨਾ ਹੀ ਮੈਂ ਆਪਣੇ ਪਵਿੱਤਰ ਪੁਰਖ ਨੂੰ ਸੜਨ ਦਿਆਂਗਾ।" ਅਤੇ ਉਹ ਜਾਣਦਾ ਸੀ, ਤਿੰਨ ਦਿਨ ਅਤੇ ਰਾਤਾਂ ਵਿੱਚ ਉਹ ਸਰੀਰ ਸੜ ਸਕਦਾ ਸੀ। ਅਤੇ ਪਰਮੇਸ਼ੁਰ ਨੇ ਨਬੀ ਨੂੰ ਕਿਹਾ ਸੀ, "ਉਹ ਗੌਰ ਨਹੀਂ ਦੇਖੇਗਾ।"...?...[ਟੇਪ ਤੇ ਖਾਲੀ ਥਾਂ—ਸੰਪਾ.]

ਹਲਲੂਯਾਹ! ਉਸ ਨੇ ਪਰਮੇਸ਼ੁਰ ਦਾ ਵਚਨ ਲਿਆ। ਉਸਨੇ ਸ਼ੈਤਾਨ ਨੂੰ ਹਰਾਇਆ, ਹਰ ਵਾਰ, ਇਸ ਤੇ। ਉਸ ਨੇ ਮੌਤ ਨੂੰ ਹਰਾਇਆ, ਪਰਮੇਸ਼ੁਰ ਦੇ ਵਚਨ ਤੇ। ਹਲਲੂਯਾਹ! ਉਸਨੇ ਮੌਤ ਨੂੰ ਹਰਾਇਆ। ਅਤੇ ਜਦੋਂ ਉਨ੍ਹਾਂ ਨੇ ਉਸਨੂੰ ਮਾਰਿਆ, ਅਤੇ ਉਹ ਮਰ ਗਿਆ, ਇੱਕ ਪਾਪੀ ਬਣ ਕੇ, ਮੇਰੇ ਪਾਪ ਅਤੇ ਤੁਹਾਡੇ ਪਾਪ ਉਸ ਉੱਤੇ ਸਨ, ਉਹ ਹੇਠਾਂ ਚਲਾ ਗਿਆ, ਮੈਂ ਉਸ ਨੂੰ ਉੱਥੇ ਉਸ ਦਰਵਾਜ਼ੇ ਤੇ ਦਸਤਕ ਦਿੰਦੇ ਦੇਖ ਸਕਦਾ ਹਾਂ।

ਅਤੇ ਉਹ ਗੁਆਚੀਆਂ ਰੂਹਾਂ ਬਾਹਰ ਆਈਆਂ ਅਤੇ ਕਿਹਾ, "ਖੈਰ, ਤੂੰ ਕੌਣ ਹੈਂ?"

202 ਉਸ ਨੇ ਕਿਹਾ, "ਤੁਸੀਂ ਹਨੋਕ ਦੀ ਗੱਲ ਕਿਉਂ ਨਹੀਂ ਸੁਣੀ? ਤੁਸੀਂ ਉਨ੍ਹਾਂ

ਹੋਰਨਾਂ ਨਬੀਆਂ ਦੀ ਗੱਲ ਕਿਉਂ ਨਹੀਂ ਸੁਣੀ ਜੋ ਪ੍ਰਚਾਰ ਕਰਦੇ ਸਨ?" ਉਨ੍ਹਾਂ ਦੀ ਨਿੰਦਾ ਕੀਤੀ ਗਈ। "ਮੈਂ ਪਰਮੇਸ਼ੁਰ ਦਾ ਪੁੱਤਰ ਹਾਂ ਜੋ ਕਦੇ ਜਿਉਂਦਾ ਸੀ। ਮੇਰੇ ਕੋਲ...ਮੇਰਾ ਲਹੂ ਵਹਾਇਆ ਗਿਆ ਹੈ। ਮੈਂ ਤੁਹਾਨੂੰ ਇਹ ਦੱਸਣ ਆਇਆ ਹਾਂ, ਮੈਂ ਉਹ ਪੂਰਾ ਕੀਤਾ ਹੈ, ਜੋ ਨਬੀਆਂ ਨੇ ਕਿਹਾ ਸੀ ਕਿ ਮੈਂ ਕਰਾਂਗਾ।" ਬਿਲਕੁਲ ਹੇਠਾਂ ਸ਼ੈਤਾਨ ਦੇ ਕੋਲੋਂ, ਸਿੱਧਾ ਨਰਕ ਵਿੱਚ, ਮੌਤ ਅਤੇ ਨਰਕ ਦੀਆਂ ਕੁੰਜੀਆਂ ਲੈ ਲਈਆਂ, ਉਹਨਾਂ ਨੂੰ ਆਪਣੇ ਇੱਕ ਪਾਸੇ ਲਟਕਾ ਲਿਆ, ਪਿੱਛੇ ਜਾਣਾ ਸ਼ੁਰੂ ਕੀਤਾ। ਹਲਲੂਯਾਹ!

203 ਸਵੇਰੇ ਜਲਦੀ ਉਠ ਕੇ। ਹਲਲੂਯਾਹ! ਆਓ ਇੱਥੇ ਇੱਕ ਛੋਟੀ ਜਿਹੀ ਤਸਵੀਰ ਖਿੱਚੀਏ। ਸਵੇਰੇ ਤੜਕੇ, ਇੱਥੇ ਫਿਰਦੋਸ਼ ਵਿੱਚ ਇੱਕ ਹੋਰ ਸਮੂਹ ਪਿਆ ਹੋਇਆ ਸੀ। ਉਹ ਹੁਣ ਉੱਥੇ ਨਹੀਂ ਹਨ।

204 ਹੁਣ, ਤੁਸੀਂ ਵੱਡੇ ਕੈਥੋਲਿਕ ਦੋਸਤ ਜੋ ਸੰਤਾਂ ਦੀ ਵਿਚੋਲਗੀ ਵਿੱਚ ਵਿਸ਼ਵਾਸ ਕਰਦੇ ਹੋ। ਜੇ ਤੁਸੀਂ ਆਪਣੀ ਕਲੀਸਿਯਾ ਵਿੱਚ ਇੱਕ ਸੰਤ ਨਾਲ ਗੱਲ ਕਰ ਰਹੇ ਹੋ, ਤਾਂ ਉਹ ਆਦਮੀ ਇੱਕ ਪਾਪੀ ਹੈ, ਉਹ ਨਰਕ ਵਿੱਚ ਹੈ, ਜਾਂ—ਜਾਂ ਉਸਦੇ ਨਿਆਂ ਦੀ ਉਡੀਕ ਕਰ ਰਿਹਾ ਹੈ। ਅਤੇ ਜੇ ਉਹ ਇੱਕ ਸੰਤ ਸੀ, ਤਾਂ ਉਹ ਪਰਮੇਸ਼ੁਰ ਦੀ ਮਹਿਮਾ ਵਿੱਚ ਹੈ ਅਤੇ ਵਾਪਸ ਨਹੀਂ ਆ ਸਕਦਾ। ਇਹ ਠੀਕ ਹੈ। ਮੈਂ ਇਹ ਸਾਬਤ ਕਰ ਸਕਦਾ ਹਾਂ। ਬਲਦਾਂ ਦਾ ਲਹੂ ਪਾਪ ਨੂੰ ਦੂਰ ਨਹੀਂ ਕਰੇਗਾ, ਪਰ ਯਿਸੂ ਦਾ ਲਹੂ ਪਾਪਾਂ ਨੂੰ ਤਲਾਕ ਦਿੰਦਾ ਹੈ।

205 ਮੈਂ ਯਿਸੂ ਨੂੰ ਉੱਥੇ ਜਾਂਦਾ ਦੇਖ ਸਕਦਾ ਹਾਂ ਜਿੱਥੇ, ਫਿਰਦੌਸ, ਜਿੱਥੇ ਬਜੁਰਗ ਅਬਰਾਹਾਮ, ਇਸਹਾਕ ਅਤੇ ਯਾਕੂਬ ਹਨ, ਅਤੇ ਉਹ ਉੱਥੇ ਹਨ, ਸਮੂਏਲ ਅਤੇ ਬਾਕੀ ਦੇ ਸਾਰੇ ਉੱਥੇ ਹਨ। ਮੈਂ ਉਸਨੂੰ ਦਰਵਾਜ਼ੇ ਤੇ ਖੜਕਾਉਂਦੇ ਹੋਏ ਸੁਣ ਸਕਦਾ ਹਾਂ। [ਭਾਈ ਬ੍ਰਨਹਾਮ ਪੁਲਪਿਟ ਨੂੰ ਖੜਕਾਉਂਦੇ ਹਨ—ਸੰਪਾ.] ਆਮੀਨ! ਔਹ, ਮੈਨੂੰ ਇਹ ਪਸੰਦ ਹੈ। ਮੈਂ ਹੋ ਰਿਹਾ ਹਾਂ...ਹੁਣ ਧਾਰਮਿਕ ਮਹਿਸੂਸ ਕਰ ਰਿਹਾ ਹਾਂ। ਮੈਂ ਉਸਨੂੰ ਉਥੇ ਵੇਖਦੇ ਹੋਏ ਵੇਖ ਸਕਦਾ ਹਾਂ। ਮੈਂ ਉਸਨੂੰ ਇਹ ਕਹਿੰਦੇ ਸੁਣ ਸਕਦਾ ਹਾਂ, "ਬਾਹਰ ਕੌਣ ਹੈ? ਉੱਥੇ ਕੌਣ ਹੈ?" ਉਸ ਨੇ ਕਿਹਾ, "ਮੈਂ, ਅਬਰਾਹਾਮ ਬੋਲ ਰਿਹਾ ਹਾਂ। ਤੁਸੀਂ ਕੌਣ ਹੋ?"

206 "ਮੈਂ ਅਬਰਾਹਾਮ ਦੀ ਸੰਤਾਨ ਹਾਂ।" ਆਮੀਨ। ਮੈਂ ਅਬਰਾਹਾਮ ਨੂੰ ਦਰਵਾਜੇ ਤੇ ਆਉਂਦਾ ਦੇਖ ਸਕਦਾ ਹਾਂ, ਦਰਵਾਜ਼ਾ ਖੋਲਦਾ ਹੈ। ਉਸ ਨੇ ਕਿਹਾ, "ਮੈਂ ਅਬਰਾਹਾਮ ਦੀ ਸੰਤਾਨ ਹਾਂ।"

ਦਾਨੀਏਲ ਨੇ ਕਿਹਾ, "ਉਥੇ ਦੇਖੋ! ਇੱਥੇ ਉਹ ਪੱਥਰ ਹੈ ਜਿਸ ਨੂੰ ਮੈਂ ਪਹਾੜ ਤੋਂ ਕੱਟਿਆ ਹੋਇਆ ਦੇਖਿਆ ਸੀ।"

207 ਮੈਂ ਹਿਜ਼ਕੀਏਲ ਨੂੰ ਇਹ ਕਹਿੰਦੇ ਸੁਣ ਸਕਦਾ ਹਾਂ, "ਉਹ ਉੱਥੇ ਹੈ! ਮੈਂ ਉਸਨੂੰ

ਵੇਖਿਆ ਹੈ, ਉਸਦੇ ਪੈਰਾਂ ਹੇਠ ਧੂੜ ਵਾਂਗ, ਬੱਦਲਾਂ ਨੂੰ ਹਿਲਦੇ ਹੋਏ, ਜਦੋਂ ਭੇਡੂ… ਆਪਣੇ ਹੱਥਾਂ ਨਾਲ ਤਾੜੀਆਂ ਵਜਾਈਆਂ, ਪੱਤਿਆਂ ਨੇ, ਅਤੇ ਉਹ ਸਾਰਿਆਂ ਨੇ ਰੌਲਾ ਪਾਇਆ।" ਓਹ, ਮੈਂ ਉੱਥੇ ਵੱਖ-ਵੱਖ ਲੋਕਾਂ ਨੂੰ ਫਿਰਦੌਸ ਵਿੱਚ ਦੇਖ ਸਕਦਾ ਹਾਂ, ਉਸਦੀ ਉਡੀਕ ਕਰਦੇ ਹੋਏ।

208 ਮੈਂ ਉਸਨੂੰ ਇਹ ਕਹਿੰਦੇ ਸੁਣ ਸਕਦਾ ਹਾਂ, "ਆ ਜਾਓ! ਯਰੂਸ਼ਲਮ ਵਿੱਚ ਦਿਨ ਦਾ ਉਜਾਲਾ ਫੁੱਟ ਰਿਹਾ ਹੈ। ਸਾਨੂੰ ਇੱਥੋਂ ਚਲੇ ਜਾਣਾ ਚਾਹੀਦਾ ਹੈ। ਅਸੀਂ ਉੱਪਰ ਜਾ ਰਹੇ ਹਾਂ, ਕਿਉਂਕਿ ਤੁਸੀਂ ਬਲਦਾਂ ਅਤੇ ਬੱਕਰੀਆਂ ਦੇ ਲਹੂ ਵਿੱਚ ਭਰੋਸਾ ਕੀਤਾ, ਮੇਰੇ ਲਹੂ ਦੇ ਸਮੇਂ ਦੀ ਉਡੀਕ ਕਰਦੇ ਹੋਏ। ਪਰ ਮੇਰਾ ਖ਼ੂਨ ਕਲਵਰੀ ਤੇ ਵਹਾਇਆ ਗਿਆ ਹੈ। ਮੈਂ ਪਰਮੇਸ਼ੁਰ ਦਾ ਦੇਹਧਾਰੀ ਪੁੱਤਰ ਹਾਂ। ਸਾਰੇ ਪਾਪ ਦਾ ਕਰਜਾ ਭਰ ਦਿੱਤਾ ਗਿਆ ਹੈ। ਅਸੀਂ ਆਪਣੇ ਰਸਤੇ ਤੇ ਹਾਂ!" ਹਲਲੂਯਾਹ! ਪਰਮੇਸ਼ੁਰ ਦੀ ਮਹਿਮਾ!

209 ਮੈਂ ਦੇਖ ਸਕਦਾ ਹਾਂ ਕਿ ਅਬਰਾਹਾਮ ਨੇ ਸਾਰਾਹ ਨੂੰ ਬਾਂਹ ਤੋਂ ਫੜਿਆ ਹੈ, ਅਤੇ ਉਹ ਇੱਥੇ ਆਉਂਦੇ ਹਨ, ਬਿਲਕੁਲ ਬਾਹਰ! ਮੱਤੀ 27 ਵਿੱਚ, ਜਦੋਂ ਉਹ ਬਾਹਰ ਆਇਆ, ਮੈਂ ਉਨ੍ਹਾਂ ਨੂੰ ਯਰੂਸ਼ਲਮ ਵਿੱਚ ਥੋੜਾ ਜਿਹਾ ਰੁਕਦੇ ਹੋਏ ਸੁਣ ਸਕਦਾ ਹਾਂ। ਅਤੇ ਪਹਿਲੀ ਚੀਜ਼ ਜੋ ਤੁਸੀਂ ਜਾਣਦੇ ਹੋ, ਮੈਂ ਕਯਾਫ਼ਾ ਅਤੇ ਉਨ੍ਹਾਂ ਨੂੰ ਸੜਕ ਉੱਤੇ ਖੜ੍ਹੇ ਦੇਖ ਸਕਦਾ ਹਾਂ, ਇਹ ਆਖਦੇ ਹੋਏ, "ਉਹ ਮੈਨੂੰ ਦੱਸਦੇ ਹਨ ਕਿ ਉਹ ਬੰਦਾ ਜੀ ਉਠਿਆ ਹੈ। ਕਹਿੰਦੇ ਹਨ, ਉਹ ਬੰਦਾ ਕੌਣ ਹੈ ਜੋ ਉੱਥੇ ਜਾ ਰਿਹਾ ਹੈ; ਉਹ ਨੌਜਵਾਨ ਬੰਦਾ, ਉਹ ਨੌਜਵਾਨ ਲੜਕੀ?"

210 ਹੁਣ ਉਹ ਬਜੁਰਗ ਨਹੀਂ ਸਨ; ਉਹ ਅਬਰਾਹਾਮ ਅਤੇ ਸਾਰਾਹ ਸਨ। ਅਤੇ ਉਹ ਅਲੋਪ ਹੋ ਗਏ। ਉਹਨਾਂ ਦੇਖਿਆ, "ਕੋਈ ਸਾਨੂੰ ਦੇਖ ਰਿਹਾ ਹੈ।" ਉਹ ਇਸ ਤਰ੍ਹਾਂ ਅਲੋਪ ਹੋ ਸਕਦੇ ਹਨ ਉਹ ਕੰਧ ਵਿੱਚੋਂ ਪਾਰ ਲੰਘ ਗਿਆ, ਉਸੇ ਤਰ੍ਹਾਂ ਦਾ ਸਰੀਰ। ਹਲਲੂਯਾਹ! ਬਿਲਕੁਲ। ਇੱਥੇ ਸਾਰੇ ਨਬੀ ਅਤੇ ਉਹ ਹਨ, ਆਲੇ ਦੁਆਲੇ ਘੁੰਮਦੇ ਹੋਏ, ਸ਼ਹਿਰ ਦੇ ਆਲੇ ਦੁਆਲੇ ਵੇਖ ਰਹੇ ਹਨ।

211 ਅਤੇ ਯਿਸੂ ਸਿੱਧਾ ਉੱਪਰ ਲੈ ਗਿਆ, ਜਾਂ ਤਾਰਿਆਂ, ਚੰਦ, ਬੱਦਲਾਂ ਦੇ ਉੱਪਰ ਦੀ ਅਗਵਾਈ ਕੀਤੀ, ਅਤੇ ਕੈਦੀਆਂ ਦੀ ਅਗਵਾਈ ਕੀਤੀ, ਮਨੁੱਖਾਂ ਨੂੰ ਤੋਹਫ਼ੇ ਦਿੱਤੇ। ਯਿਸੂ ਅੱਜ ਪਿਤਾ ਦੇ ਸੱਜੇ ਪਾਸੇ ਬਿਰਾਜਮਾਨ ਹੈ, ਉੱਥੇ ਚੜ੍ਹਿਆ, ਹੇਠਾਂ ਬੈਠ ਗਿਆ, ਜਦੋਂ ਤੱਕ ਉਸਦੇ ਸਾਰੇ ਦੁਸ਼ਮਣ ਉਸਦੇ ਪੈਰਾਂ ਦੀ ਚੌਂਕੀ ਨਹੀਂ ਬਣ ਗਏ।

212 ਅਤੇ ਅੱਜ, ਮੇਰੇ ਪਿਆਰੇ ਮਸੀਹੀ ਦੋਸਤ, ਭੂਤ ਹਰ ਹੱਥ ਤੇ ਕੰਮ ਕਰ ਰਹੇ ਹਨ। ਅਤੇ ਦੂਜੇ ਪਾਸੇ, ਹਰ ਵਾਰ ਇਸਦਾ ਮੁਕਾਬਲਾ ਕਰਨ ਲਈ, ਪਰਮੇਸ਼ੁਰ ਦੀ ਆਤਮਾ ਬਾਹਰ ਜਾ ਰਹੀ ਹੈ। ਹਲਲੂਯਾਹ! ਉਥੇ ਤੁਸੀਂ ਹੋ। ਅਖਬਾਰਾਂ ਅਤੇ

ਡਾਇਜੈਸਟ ਅਤੇ ਹੋਰ ਸਭ ਕੁਝ ਇਸ ਦਾ ਐਲਾਨ ਕਰ ਰਹੇ ਹਨ। ਉਹ ਇਸ ਨੂੰ ਦੇਖ ਰਹੇ ਹਨ। ਉਹ ਇਹ ਨਹੀਂ ਦੇਖ ਸਕਦੇ ਕਿ ਇਹ ਕੀ ਹੈ। ਇਹ ਕੀ ਹੈ? ਇਹ ਪਰਮੇਸ਼ੁਰ ਅਤੇ ਸ਼ੈਤਾਨ ਦੇ ਵਿਚਕਾਰ, ਬਹੁਤ ਜਲਦੀ ਆਉਣ ਵਾਲੇ ਮਹਾਨ ਪ੍ਰਦਰਸ਼ਨ ਦਾ ਨਿਸ਼ਾਨ ਹੈ। ਪਰਮੇਸ਼ੁਰ ਦੇ ਪੱਖ ਵਿੱਚ ਆ ਜਾਓ ਅਤੇ ਆਪਣੇ ਦਿਲ ਵਿੱਚ ਸਹੀ ਰਹੋ। ਆਮੀਨ।

213 ਇੱਥੇ ਕੁਝ ਸਮਾਂ ਪਹਿਲਾਂ ਮੈਂ ਟੋਲੇਡੋ, ਓਹੀਓ ਵਿੱਚ, ਇੱਕ ਸਭਾ ਕਰ ਰਿਹਾ ਸੀ। ਮੈਂ ਬੰਦ ਕਰਨ ਜਾ ਰਿਹਾ ਹਾਂ।

214 ਤੁਸੀਂ ਸਮਝੇ ਕਿ ਭੂਤਾਂ ਬਾਰੇ ਮੇਰਾ ਕੀ ਮਤਲਬ ਹੈ? ਉਹ ਕੰਮ ਕਰ ਰਹੇ ਹਨ। ਉਹ ਬਹੁਤ ਧਾਰਮਿਕ ਹਨ, ਜਿੰਨੇ ਧਾਰਮਿਕ ਉਹ ਹੋ ਸਕਦੇ ਹਨ! ਔਹ, ਉਹ ਹਰ ਐਤਵਾਰ ਨੂੰ ਗਿਰਜੇ ਜਾਂਦੇ ਹਨ, ਰਸੂਲਾਂ ਦੇ ਧਰਮ ਨੂੰ ਦੁਹਰਾਉਂਦੇ ਹਨ, ਅਤੇ ਸਤੁਤਿ ਭਜਨ ਗਾਉਂਦੇ ਹਨ। ਔਹ, ਮੇਰੇ, ਉਨੇ ਹੀ ਧਾਰਮਿਕ ਜਿੰਨੇ ਉਹ ਹੋ ਸਕਦੇ ਹਨ!

"ਭਾਈ ਬ੍ਰਨਹਾਮ, ਤੁਹਾਡਾ ਮਤਲਬ ਇਹ ਸੱਚ ਹੈ?"

215 ਇਹ ਉਸੇ ਕਿਸਮ ਦੀ ਆਤਮਾ ਹੈ ਜਿਸਨੇ ਯਿਸੂ ਮਸੀਹ ਨੂੰ ਸਲੀਬ ਉੱਤੇ ਟੰਗਿਆ ਸੀ। ਅਤੇ ਯਿਸੂ ਨੇ ਕਿਹਾ, "ਤੁਸੀਂ ਆਪਣੇ ਪਿਤਾ, ਸ਼ੈਤਾਨ ਤੋਂ ਹੋ।"

216 ਹੁਣ ਉਨ੍ਹਾਂ ਵਿੱਚੋਂ ਕੁਝ ਨੇ ਕਿਹਾ, "ਔਹ, ਰੂਸ ਮਸੀਹ ਵਿਰੋਧੀ ਹੈ।" ਕਦੇ ਨਹੀਂ! ਰੂਸ ਮਸੀਹ ਦਾ ਵਿਰੋਧੀ ਨਹੀਂ ਹੈ। ਮਸੀਹ ਵਿਰੋਧੀ ਇੰਨਾ ਧਾਰਮਿਕ ਹੋਵੇਗਾ ਕਿ ਜੇ ਸੰਭਵ ਹੋਵੇ ਤਾਂ ਇਹ ਚੁਣੇ ਹੋਏ ਲੋਕਾਂ ਨੂੰ ਵੀ ਭਰਮਾ ਲੈਂਦਾ।

ਯਾਦ ਰੱਖੋ, ਪਰਮੇਸ਼ੁਰ ਆਪਣੇ ਆਦਮੀ ਨੂੰ ਲੈਂਦਾ ਹੈ, ਪਰ ਉਸਦੀ ਆਤਮਾ ਨੂੰ ਕਦੇ ਨਹੀਂ ਲੈਂਦਾ। ਸ਼ੈਤਾਨ ਆਪਣੇ ਆਦਮੀ ਨੂੰ ਲੈਂਦਾ ਹੈ, ਪਰ ਉਸਦੀ ਆਤਮਾ ਨੂੰ ਕਦੇ ਨਹੀਂ ਲੈਂਦਾ। ਹੁਣ, ਉਹ ਉੱਥੇ ਹਨ। ਆਪਣੇ ਆਪ ਨੂੰ ਤਿਆਰ ਕਰੋ। ਮੈਂ ਸਿਰਫ ਸੱਚ ਲਈ ਜ਼ਿੰਮੇਵਾਰ ਹਾਂ।

217 ਭੂਤ, ਕੰਮ ਕਰ ਰਹੇ ਹਨ! ਕੱਲ੍ਹ, ਮੈਂ ਉਹਨਾਂ ਨੂੰ ਇੱਕ ਭੌਤਿਕ ਖੇਤਰ ਵਿੱਚ ਲਿਆ ਸੀ। ਅੱਜ, ਮੈਂ ਤੁਹਾਨੂੰ ਆਤਮਿਕ ਖੇਤਰ ਵਿੱਚ ਦਿਖਾ ਰਿਹਾ ਹਾਂ, ਧਾਰਮਿਕ ਖੇਤਰ ਵਿੱਚ ਉਹ ਕਿੱਥੇ ਹਨ। ਜਿੱਥੇ ਉਨ੍ਹਾਂ ਨੂੰ, ਕੈਂਸਰ ਕਿਹਾ ਜਾਂਦਾ ਹੈ, ਅਤੇ ਉਹ *ਇਹ* ਕਹਿੰਦੇ ਹਨ, *ਉਹ*, ਅਤੇ ਕੁਝ ਹੋਰ ਕਹਿੰਦੇ ਹਨ, ਪਰ ਮੈਂ ਤੁਹਾਨੂੰ ਬਾਈਬਲ ਦੁਆਰਾ ਸਾਬਤ ਕੀਤਾ ਹੈ, ਉਹ ਸ਼ੈਤਾਨ ਹਨ। ਹੁਣ, ਇੱਥੇ, ਅੱਜ, ਇੱਥੇ ਉਹ ਫਿਰ ਧਾਰਮਿਕ ਖੇਤਰ ਵਿੱਚ ਹਨ, ਬਹੁਤ ਧਾਰਮਿਕ, ਬਹੁਤ ਪਵਿੱਤਰ।

218 ਜੇ ਤੁਸੀਂ ਸ਼ੁਰੂ ਕਰੋਗੇ, ਭਾਈ, ਅਤੇ ਸੋਚੋ। ਕਾਇਨ, ਇਸ ਦਾ ਮੁੱਢ, ਬਹੁਤ ਹੀ ਧਾਰਮਿਕ ਆਦਮੀ ਸੀ। ਏਸਾਓ ਬਹੁਤ ਧਾਰਮਿਕ ਆਦਮੀ ਸੀ। ਯਹੂਦਾ

ਬਹੁਤ ਧਾਰਮਿਕ ਆਦਮੀ ਸੀ। ਇਹ ਧਰਮ ਹੈ। ਇਹ ਬਾਹਰੀ ਸੰਸਾਰ ਨਹੀਂ ਹੈ। ਇਹ ਬਿਲਕੁਲ ਜਥੇ ਵਿੱਚ ਹੈ। ਉਸ ਨੂੰ ਵੇਖੋ, ਭੂਤ ਵਿਗਿਆਨ! ਹੋ ਸਕਦਾ ਹੈ ਕਿ ਥੋੜ੍ਹੀ ਦੇਰ ਬਾਅਦ, ਕਿਸੇ ਸਮੇਂ, ਮੈਂ ਇਸ ਤੇ ਥੋੜੀ ਜਿਹੀ ਹੋਰ ਗੱਲਬਾਤ ਕਰਾਂ। ਸਾਨੂੰ ਦੇਰ ਹੋ ਰਹੀ ਹੈ।

219 ਕਿਸੇ ਦੀ ਨਿੰਦਾ ਨਾ ਕਰੋ। ਹਰ ਕਿਸੇ ਨੂੰ ਪਿਆਰ ਕਰੋ। ਜੇ ਤੁਸੀਂ ਆਪਣੇ ਦਿਲ ਤੋਂ ਪਿਆਰ ਨਹੀਂ ਕਰ ਸਕਦੇ, ਤਾਂ ਮਸੀਹ ਤੁਹਾਡੇ ਨਾਲ ਨਹੀਂ ਹੈ।

220 ਟੋਲੇਡੋ, ਓਹੀਓ ਵਿਖੇ, ਮੈਂ ਇੱਕ ਛੋਟੇ ਰੈਸਟੋਰੈਂਟ ਵਿੱਚ ਗਿਆ। ਮੈਂ ਇੱਕ ਜਗ੍ਹਾ ਤੇ ਖਾ ਰਿਹਾ ਸੀ, ਛੋਟੀ ਜਿਹੀ ਡੰਕਾਰਡ ਜਗ੍ਹਾ, ਪਿਆਰੀ ਛੋਟੀ ਜਿਹੀ ਜਗ੍ਹਾ। ਉਹ ਬਹੁਤ ਚੰਗੇ ਸਨ। ਉਸ ਦੁਪਹਿਰ ਉਨ੍ਹਾਂ ਨੇ ਕੰਮਕਾਜ ਬੰਦ ਕਰ ਦਿੱਤਾ ਸੀ, ਐਤਵਾਰ ਸਕੂਲ ਜਾਣ ਲਈ। ਅਤੇ ਜਦੋਂ ਉਨ੍ਹਾਂ ਨੇ ਅਜਿਹਾ ਕੀਤਾ, ਮੈਨੂੰ ਗਲੀ ਦੇ ਪਾਰ ਜਾਣਾ ਪਿਆ, ਇੱਕ ਦੁਨਿਆਵੀ ਛੋਟੀ ਜਿਹੀ ਪੁਰਾਣੀ ਜਗ੍ਹਾ ਤੇ, ਅਤੇ ਮੈਂ ਉੱਥੇ ਚਲਿਆ ਗਿਆ। ਅਤੇ ਮੈਂ ਜਾਣਦਾ ਹਾਂ ਕਿ ਓਹੀਓ ਵਿੱਚ ਜੂਆ ਖੇਡਣਾ ਗੈਰਕਾਨੂੰਨੀ ਹੈ। ਅਤੇ ਇੱਥੇ ਰਾਜਸੀ ਪੁਲਸੀਆ ਇੱਕ ਲੜਕੀ ਦੇ ਦੁਆਲੇ ਆਪਣੀ ਬਾਂਹ ਪਾਈ ਖੜਾ ਸੀ, ਉਸਦਾ ਹੱਥ ਉਸਦੀ ਛਾਤੀ ਤੇ ਲਟਕ ਰਿਹਾ ਸੀ, ਇੱਕ ਸਲਾਟ ਮਸ਼ੀਨ ਖੇਡ ਰਿਹਾ ਸੀ। ਸਾਡੇ ਰਾਜਾਂ ਅਤੇ ਦੇਸ਼ ਦਾ ਕਾਨੂੰਨ, ਸਭ ਖਤਮ ਹੋ ਗਿਆ ਹੈ। ਤਰਸਯੋਗ!

221 ਮੈਂ ਮਸੀਹ ਤੇ ਭਰੋਸਾ ਕਰਦਾ ਹਾਂ ਜੋ ਠੋਸ ਚੱਟਾਨ ਹੈ, ਮੈਂ ਖੜ੍ਹਾ ਹਾਂ, ਹੋਰ ਸਾਰੀਆਂ ਜ਼ਮੀਨਾਂ ਧੱਸ ਰਹੀ ਰੇਤ ਹੈ। ਹੋਰ ਕੁਝ ਨਹੀਂ ਬਚਿਆ। ਇਹ ਠੀਕ ਹੈ।

222 ਮੈਂ ਪਿੱਛੇ ਮੁੜ ਕੇ ਦੇਖਿਆ, ਤਾਂ ਉੱਥੇ ਇੱਕ ਸੁੰਦਰ ਮੁਟਿਆਰ ਸੀ, ਸ਼ਾਇਦ ਉਸਦੀ ਅੱਲ੍ਹੜ ਉਮਰ ਵਿੱਚ, ਉਨ੍ਹੀ, ਅਠਾਰਾਂ, ਉਨ੍ਹੀ ਸਾਲ ਦੀ ਉਮਰ ਵਿੱਚ। ਅਤੇ ਉਹ ਕੀ ਕਰ ਰਹੇ ਸਨ, ਉਹ ਮੁੰਡੇ ਮੇਜ਼ ਦੇ ਆਲੇ ਦੁਆਲੇ ਸਨ, ਇਹ ਭਿਆਨਕ ਸੀ। ਮੈਂ ਉੱਥੇ ਬੈਠ ਗਿਆ। ਅਤੇ ਹੁਣ ਮੇਰੀ ਹੈਰਾਨੀ ਦੀ ਗੱਲ ਹੈ ਕਿ, ਉੱਥੇ ਬੈਠੇ ਹੋਈ ਇੱਕ ਔਰਤ ਆਈ, ਕਿਹਾ, "ਕੀ ਤੁਸੀਂ ਕੁਰਸੀ ਤੇ ਬੈਠੋਗੇ?"

ਮੈਂ ਕਿਹਾ, "ਤੁਹਾਡਾ ਧੰਨਵਾਦ। ਮੈਂ ਨਾਸ਼ਤਾ ਕਰਨਾ ਚਾਹੁੰਦਾ ਸੀ।"

223 ਅਤੇ ਕੁਰਸੀ ਤੇ, ਇੱਥੇ ਇੱਕ ਬਜ਼ੁਰਗ ਔਰਤ ਬੈਠੀ ਹੋਈ ਸੀ, ਮੇਰੀ ਮਾਂ ਜਿੰਨੀ ਬਜੁਰਗ, ਪਚਵੰਜਾ, ਅਠਵੰਜਾ ਸਾਲ ਦੀ। ਉਸ ਕੋਲ ਉਨ੍ਹਾਂ ਛੋਟੇ ਜਿਹੇ ਅਧਰਮੀ ਕੱਪੜਿਆਂ ਦੀ ਇੱਕ ਛੋਟੀ ਜਿਹੀ ਜੋੜੀ ਸੀ ਜੋ ਉਹ ਪਹਿਨਦੇ ਹਨ।

224 ਉਹ ਦਾਅਵਾ ਕਰਦੇ ਹਨ ਕਿ ਇਹ ਵਧੀਆ ਹੈ। ਵਿਗਿਆਨ ਕਹਿੰਦਾ ਹੈ, "ਤੁਸੀਂ ਪਾਗਲ ਹੋ।" ਯਕੀਨਨ, ਇਹ ਨਹੀਂ ਹੈ। ਤੁਸੀਂ ਸਿਰਫ ਆਪਣਾ ਨੰਗਾ

ਆਪਾ ਦਿਖਾਉਣਾ ਚਾਹੁੰਦੇ ਹੋ। ਇਹ ਸ਼ਰਮਨਾਕ ਹੈ, ਇੱਕ ਨਮੋਸ਼ੀ ਦੀ ਗੱਲ ਹੈ। ਇੱਕ ਔਰਤ ਉਹਨਾਂ ਨੂੰ ਨਹੀਂ ਪਹਿਣੇਗੀ। ਇੱਕ ਔਰਤ ਪਹਿਣ ਲਵੇਗੀ, ਪਰ ਇੱਕ ਮਹਿਲਾ ਨਹੀਂ।

225 ਅਤੇ ਫਿਰ, ਇਸ ਲਈ ਫਿਰ ਉਹ...ਉਹ ਉੱਥੇ ਸੀ, ਉੱਥੇ ਬੈਠੀ ਸੀ। ਉਸਦਾ ਮਾੜਾ ਮਾਸ ਪਿਲਪਲਾ ਸੀ। ਉਸ ਦੇ ਬੁੱਲ੍ਹਾਂ ਤੇ, ਉਸ ਕਿਸਮ ਦਾ ਆਰਕਿਡ-ਜਿਹਾ ਨਹੁੰਆਂ ਦਾ ਸਿੰਗਾਰ ਸੀ, ਜੋ ਤੁਸੀਂ ਇਸ ਨੂੰ ਕਹਿੰਦੇ ਹੋ। ਅਤੇ ਵਾਲ ਅਜਿਹੇ ਕਟਾਏ ਸਨ ਜਿਵੇਂ ਇੱਕ ਆਦਮੀ ਦੇ, ਜਿਸਨੇ ਸਭ ਕੁਝ ਧੁੰਦਲਾ ਕਰ ਦਿੱਤਾ ਸੀ; ਬਾਈਬਲ ਕੀ ਕਹਿੰਦੀ ਹੈ, ਜੋ ਇੱਕ ਸ਼ਰਮਨਾਕ ਗੱਲ ਸੀ। ਅਤੇ ਇੱਕ ਔਰਤ, ਉਹ ਇੱਕ ਆਦਮੀ...

226 ਬਾਈਬਲ ਦਾਅਵਾ ਕਰਦੀ ਹੈ, ਜੇ ਕੋਈ ਔਰਤ ਆਪਣੇ ਵਾਲ ਕੱਟਦੀ ਹੈ, ਤਾਂ ਆਦਮੀ ਕੋਲ ਉਸ ਨੂੰ ਤਲਾਕ ਦੇਣ ਦਾ ਅਧਿਕਾਰ ਹੈ, ਕਿਉਂਕਿ ਉਹ ਉਸ ਨਾਲ ਇਮਾਨਦਾਰ ਨਹੀਂ ਹੈ। ਸਾਨੂੰ ਹੇਠਾਂ ਉਤਰਨਾ ਪਵੇਗਾ ਅਤੇ ਇਹਨਾਂ ਦਿਨਾਂ ਵਿੱਚੋਂ ਕਿਸੇ ਦਿਨ ਬਾਈਬਲ ਦਾ ਪ੍ਰਚਾਰ ਕਰਨਾ ਪਵੇਗਾ। ਕਿਹਾ, "ਜੇ ਉਹ ਆਪਣੇ ਵਾਲਾਂ ਨੂੰ ਛੋਟੇ ਕਰਦੀ ਹੈ, ਤਾਂ ਉਹ ਆਪਣੇ ਪਤੀ ਦਾ ਨਿਰਾਦਰ ਕਰਦੀ ਹੈ।" ਜੇ ਉਹ ਬੇਇੱਜ਼ਤ ਹੈ, ਤਾਂ ਉਸ ਨੂੰ ਕੱਢ ਦਿੱਤਾ ਜਾਣਾ ਚਾਹੀਦਾ ਹੈ। ਤੁਸੀਂ ਕਿਸੇ ਹੋਰ ਨਾਲ ਵਿਆਹ ਨਹੀਂ ਕਰ ਸਕਦੇ, ਪਰ ਤੁਸੀਂ ਉਸ ਨੂੰ ਕੱਢ ਸਕਦੇ ਹੋ। ਵਾਹ! ਲੜਕੇ, ਇਹ, ਇਹ ਮੁਸ਼ਕਲ ਹੋ ਰਿਹਾ ਹੈ, ਮੈਂ ਇਸਨੂੰ ਮਹਿਸੂਸ ਕਰ ਸਕਦਾ ਹਾਂ। ਪਰ ਇਹ ਸੱਚ ਹੈ।

227 ਔਹ, ਹੁੰਦਾ ਸੀ, ਸਾਡੇ ਕੋਲ ਇਹ ਪਵਿੱਤਰ ਆਤਮਾ ਦੇ ਖੇਤਰਾਂ ਵਿੱਚ ਸੀ, ਪਰ ਅਸੀਂ ਪਾਬੰਦੀਆਂ ਨੂੰ ਹਟਾ ਦਿੱਤਾ। ਬਜੁਰਗ ਭਾਈ ਕਹਿੰਦਾ ਹੁੰਦਾ ਸੀ, "ਅਸੀਂ ਪਾਬੰਦੀਆਂ ਨੂੰ ਹਟਾ ਦਿੱਤਾ, ਅਸੀਂ ਪਾਬੰਦੀਆਂ ਨੂੰ ਹਟਾ ਦਿੱਤਾ, ਅਸੀਂ ਪਾਪ ਨਾਲ ਸਮਝੌਤਾ ਕੀਤਾ। ਅਸੀਂ ਪਾਬੰਦੀਆਂ ਨੂੰ ਹਟਾ ਦਿੱਤਾ, ਭੇਡਾਂ ਬਾਹਰ ਨਿਕਲ ਗਈਆਂ, ਪਰ ਬੱਕਰੀਆਂ ਕਿਵੇਂ ਅੰਦਰ ਆਈਆਂ?" ਤੁਸੀਂ ਪਾਬੰਦੀਆਂ ਨੂੰ ਹਟਾ ਦਿੱਤਾ। ਇਹੀ ਮਾਮਲਾ ਸੀ। ਤੁਸੀਂ ਪਾਬੰਦੀਆਂ ਨੂੰ ਹਟਾ ਦਿੱਤਾ, ਸੰਸਾਰ ਅਤੇ ਕਲੀਸਿਯਾ ਨੂੰ ਆਪਸ ਵਿੱਚ ਰਲਾ ਦਿੱਤਾ। ਬਸ ਜਿਵੇਂ ਮੋਆਬ ਅਤੇ ਹੋਰ ਸਨ, ਅਤੇ ਬਿਲਆਮ, ਅਤੇ ਉਸਨੇ ਉਨ੍ਹਾਂ ਵਿੱਚ ਕਿਵੇਂ ਵਿਆਹ ਕੀਤਾ, ਇਹ ਤਾਂ ਅੱਜ ਵੀ ਬਿਲਕੁਲ ਉਹੀ ਗੱਲ ਹੈ। ਅਤੇ ਸਾਰੀ ਕਲੀਸਿਯਾ ਪਲੀਤ ਹੈ, ਅਤੇ ਪੰਤੇਕੁਸਤ ਦਾ ਯੁੱਗ ਲਾਓਦੀਕੀਅਨ ਯੁੱਗ ਹੈ, ਜੋ ਸ਼ੀਲਗਰਮ ਹੋ ਜਾਂਦਾ ਹੈ, ਅਤੇ ਪਰਮੇਸ਼ੁਰ ਦੇ ਮੂੰਹ ਵਿੱਚੋਂ ਬਾਹਰ ਉਗਲਿਆ ਜਾਂਦਾ ਹੈ। ਅਤੇ ਸਾਰੇ ਸਮੂਹ ਵਿੱਚੋਂ, ਪਰਮੇਸ਼ੁਰ ਆਪਣੇ ਬਚਿਆ-ਖੁਚਿਆ ਨੂੰ ਬੁਲਾਉਂਦਾ ਹੈ, ਉਨ੍ਹਾਂ ਨੂੰ ਉਨ੍ਹਾਂ ਦੇ ਘਰ ਲੈ ਜਾਂਦਾ ਹੈ, ਬਿਲਕੁਲ, ਪੁਨਰਉਥਾਨ

ਦੁਆਰਾ।

228 ਅਤੇ ਉਹ ਉੱਥੇ ਸੀ, ਉੱਥੇ ਬੈਠੀ ਹੋਈ ਸੀ, ਉਸਦੇ ਸਾਰੇ ਚਿਹਰੇ ਤੇ ਬੁੱਲ੍ਹਾਂ ਦੀ ਮੈਨੀਕਿਓਰ ਯਾਨੀ ਸਜਾਵਟ ਸੀ, ਅਤੇ ਇਹ ਸਭ ਕੁਝ ਇਸ ਤਰ੍ਹਾਂ ਸੀ। ਅਤੇ ਉਸਨੇ ਆਪਣੀਆਂ ਅੱਖਾਂ ਤੇ ਕਾਲਾ ਸਮਾਨ ਮਲਿਆ ਹੋਇਆ ਸੀ, ਅਤੇ ਉਸਨੂੰ ਪਸੀਨਾ ਆ ਰਿਹਾ ਸੀ, ਇਹ ਹੇਠਾਂ ਵਗ ਰਿਹਾ ਸੀ। ਅਤੇ ਸ਼ਾਇਦ ਉਸ ਗਰੀਬ ਬੁੱਢੀ ਦੇ ਪੜ-ਪੋਤੇ ਹੋਣ। ਅਤੇ ਉਹ ਉੱਥੇ ਦੋ ਬੁੱਢੇ ਆਦਮੀਆਂ ਨਾਲ ਬੈਠੀ ਹੋਈ ਸੀ, ਅਤੇ ਉਨ੍ਹਾਂ ਵਿੱਚੋਂ ਇੱਕ ਨੇ ਆਪਣੇ ਗਲੇ ਵਿੱਚ ਵੱਡਾ ਪੁਰਾਣਾ ਰੁਮਾਲ ਪਾਇਆ ਹੋਇਆ ਸੀ। ਅਤੇ ਇਹ ਜੂਨ ਵਿੱਚ ਸੀ, ਉੱਥੇ ਬੈਠੇ ਹੋਏ ਸਨ। ਅਤੇ ਉਹ ਉੱਠਿਆ, ਅਤੇ ਪੀ ਰਿਹਾ ਸੀ, ਅਤੇ ਉਹ ਵੀ ਪੀ ਰਹੀ ਸੀ। ਅਤੇ ਉਹ ਆਲੇ ਦੁਆਲੇ ਦੇਖ ਰਹੀ ਸੀ।

229 ਮੈਂ ਸੋਚਿਆ, "ਹੇ ਪਰਮੇਸ਼ੁਰ! ਪਰਮੇਸ਼ੁਰ, ਤੁਸੀਂ ਇਸ ਚੀਜ਼ ਨੂੰ ਨਕਸ਼ੇ ਤੋਂ ਮਿਟਾ ਕਿਉਂ ਨਹੀਂ ਦਿੰਦੇ? ਤੁਸੀਂ ਕਿਉਂ ਨਹੀਂ ਕਰਦੇ? ਕੀ ਮੇਰੀ ਛੋਟੀ ਸ਼ਾਰੋਨ…ਮੇਰੀ ਛੋਟੀ ਬੱਚੀ, ਮੇਰੀ ਛੋਟੀ ਸਾਰਾਹ ਅਤੇ ਮੇਰੀ ਛੋਟੀ ਰਿਬਕਾਹ ਦੀ ਪਰਵਰਿਸ਼ ਉਸ ਪੀੜ੍ਹੀ ਵਿੱਚ ਕੀਤੀ ਜਾਣੀ ਹੈ, ਇਸ ਤਰ੍ਹਾਂ ਦੀਆਂ ਚੀਜ਼ਾਂ ਦਾ ਸਾਹਮਣਾ ਕਰਨ ਲਈ?" ਮੈਂ ਸੋਚਿਆ, "ਇੱਥੇ ਇਹਨਾਂ ਬਾਗਾਂ ਅਤੇ ਚੀਜ਼ਾਂ ਵਿੱਚ ਦੇਖੋ, ਅਤੇ ਕੀ ਚੱਲ ਰਿਹਾ ਹੈ।" ਮੈਂ ਸੋਚਿਆ, "ਹੇ ਪਰਮੇਸ਼ੁਰ! ਔਹ, ਮੈਨੂੰ ਖੁਸ਼ੀ ਹੈ ਕਿ ਤੁਸੀਂ ਸ਼ਾਰੋਨ ਨੂੰ ਲੈ ਲਿਆ ਜੇ ਇਹ ਤੁਹਾਡੀ ਮਰਜ਼ੀ ਸੀ। ਕੀ ਮੇਰੀ ਛੋਟੀ ਰਿਬਕਾਹ ਅਤੇ ਛੋਟੀ—ਛੋਟੀ ਸਾਰਾਹ ਦੀ ਪਰਵਰਿਸ਼ ਇਸ ਤਰ੍ਹਾਂ ਦੀਆਂ ਚੀਜ਼ਾਂ ਦੇ ਹੇਠ ਕੀਤੀ ਜਾਵੇਗੀ?" ਜੋ, ਅਤੇ ਲੋਕ ਉਹਨਾਂ ਨੂੰ ਕਹਿੰਦੇ ਹਨ…ਗੀਤ ਮੰਡਲੀ ਵਿੱਚ ਗੀਤ ਗਾਉਂਦੇ ਅਤੇ ਸਭ ਕੁਝ ਕਰਦੇ ਹਨ। ਅਤੇ ਮੈਂ ਸੋਚਿਆ, "ਕੀ ਇਹ ਸ਼ਰਮਨਾਕ ਨਹੀਂ ਹੈ?" ਮੈਂ ਸੋਚਿਆ, "ਪਰਮੇਸ਼ੁਰ, ਤੇਰੀ ਪਵਿੱਤਰ ਧਾਰਮਿਕਤਾ ਇਸ ਨੂੰ ਕਿਵੇਂ ਬਰਦਾਸ਼ ਕਰ ਸਕਦੀ ਹੈ? ਇਸ ਤਰ੍ਹਾਂ ਲੱਗਦਾ ਹੈ ਕਿ ਤੁਹਾਡਾ ਧਰਮੀ ਕ੍ਰੋਧ ਉਥੇ ਉੱਡ ਕੇ ਜਾਵੇਗਾ ਅਤੇ—ਅਤੇ ਇਸ ਜਗ੍ਹਾ ਨੂੰ ਉਡਾ ਦੇਵੇਗਾ।"

230 ਅਤੇ ਮੈਂ ਪ੍ਰਭੂ ਦੇ ਦੂਤ ਨੂੰ ਇਹ ਆਖਦਿਆਂ ਸੁਣਿਆ, "ਇੱਕ ਪਾਸੇ ਆ।" ਮੈਂ ਉੱਥੋਂ ਤੁਰ ਪਿਆ। ਅਤੇ ਜਦੋਂ ਉਹ ਮੇਰੇ ਵਿੱਚੋਂ ਲੰਘਿਆ, ਮੈਂ ਇੱਕ ਵੱਖਰੇ ਵਿਅਕਤੀ ਵਾਂਗ ਮਹਿਸੂਸ ਕੀਤਾ। "ਤੂੰ ਕਿਸ ਲਈ ਉਸਦੀ ਨਿੰਦਾ ਕਰ ਰਿਹਾ ਹੈਂ?"

ਮੈਂ ਕਿਹਾ, "ਉਸ ਨੂੰ ਦੇਖੋ, ਜਿਸ ਤਰ੍ਹਾਂ ਉਹ ਹੈ।" ਅਤੇ ਇੱਥੇ ਉਹ ਹੈ ਜੋ ਉਸ…

231 ਮੈਂ ਇੱਕ ਦਰਸ਼ਨ ਦੇਖਿਆ। ਮੈਂ ਸੰਸਾਰ ਨੂੰ *ਇਸ* ਤਰ੍ਹਾਂ ਵੇਖਿਆ, ਗੋਲ,

ਇੱਕ ਹੋਰ ਸੰਸਾਰ। ਪਰ *ਇੱਥੇ* ਇਹ ਸੰਸਾਰ, ਇਸਦੇ ਆਲੇ ਦੁਆਲੇ ਇੱਕ ਸਤਰੰਗੀ ਪੀਂਘ ਸੀ, ਅਤੇ ਇਹ ਮਸੀਹ ਦਾ ਲਹੂ ਸੀ ਜੋ ਪਰਮੇਸ਼ੁਰ ਦੇ ਕ੍ਰੋਧ ਤੋਂ ਬਚਾਉਂਦਾ ਹੈ। ਉਹ ਇਸ ਵੱਲ ਨਹੀਂ ਦੇਖ ਸਕਦਾ, ਉਹ—ਉਹ ਹੁਣੇ ਹੀ ਚੀਜ਼ ਨੂੰ ਨਸ਼ਟ ਕਰ ਦੇਵੇਗਾ, ਕਿਉਂਕਿ ਉਸਨੇ ਕਿਹਾ, "ਜਿਸ ਦਿਨ ਤੁਸੀਂ ਇਸ ਨੂੰ ਖਾਓਗੇ, ਉਸੇ ਦਿਨ ਤੁਸੀਂ ਮਰ ਜਾਓਗੇ।" ਇਸ ਲਈ ਉਹ ਇਹ ਕਰੇਗਾ।

232 ਫਿਰ ਮੈਂ ਇਸ ਤਰ੍ਹਾਂ ਸੋਚਿਆ। ਮੈਂ ਆਪਣੇ ਆਪ ਨੂੰ ਦੇਖਿਆ। ਹਾਲਾਂਕਿ ਮੈਂ ਅਜਿਹਾ ਨਹੀਂ ਕੀਤਾ, ਪਰ ਮੈਂ ਇੱਕ ਪਾਪੀ ਸੀ, ਕਿਸੇ ਵੀ ਤਰ੍ਹਾਂ। ਅਤੇ ਫਿਰ ਯਿਸੂ ਮਸੀਹ ਦਾ ਲਹੂ ਸਾਡੇ ਲਈ ਇੱਕ ਬੰਪਰ ਵਾਂਗ ਕੰਮ ਕਰਦਾ ਹੈ। ਸਮਝੇ? ਕਿ, ਜਦੋਂ ਮੈਂ ਪਾਪ ਕਰਦਾ ਹਾਂ, ਮੇਰੇ ਪਾਪ ਉਸ ਨਾਲ ਟਕਰਾਉਂਦੇ ਹਨ ਅਤੇ ਉਸਦੇ ਕੀਮਤੀ ਸਿਰ ਨੂੰ ਚੂਰ ਚੂਰ ਕਰ ਦਿੰਦੇ ਹਨ, ਅਤੇ ਮੈਂ ਹੰਝੂਆਂ ਅਤੇ ਲਹੂ ਨੂੰ ਵਗਦਾ ਵੇਖ ਸਕਦਾ ਸੀ। "ਉਸਨੂੰ ਮਾਫ਼ ਕਰ ਦਿਓ, ਪਿਤਾ, ਉਹ ਨਹੀਂ ਜਾਣਦਾ ਕਿ ਉਹ ਕੀ ਕਰ ਰਿਹਾ ਹੈ।" ਅਤੇ ਮੈਂ ਕੁਝ ਹੋਰ ਕਰਾਂਗਾ ਅਤੇ ਇਹ ਇਸ ਨਾਲ ਟਕਰਾਵੇਗਾ। "ਉਸ ਨੂੰ ਮਾਫ਼ ਕਰ ਦਿਓ, ਪਿਤਾ।"

233 ਜੇ ਇਹ ਕਦੇ ਉਸ ਤਕ ਪਹੁੰਚ ਜਾਂਦਾ, ਤਾਂ ਮੈਂ ਤਬਾਹ ਹੋ ਗਿਆ ਹੁੰਦਾ। ਅਤੇ ਜੇਕਰ ਮੈਂ ਕਦੇ ਵੀ ਉਸਦੀ ਕਿਰਪਾ ਨੂੰ ਸਵੀਕਾਰ ਨਹੀਂ ਕਰਾਂਗਾ, ਅਤੇ ਜਿਸ ਦਿਨ ਮੇਰੀ ਆਤਮਾ ਇਸ ਤੋਂ ਅੱਗੇ ਨਿਕਲਦੀ ਹੈ, ਤਾਂ ਮੇਰਾ ਨਿਆਂ ਪਹਿਲਾਂ ਹੀ ਹੋ ਗਿਆ ਹੈ। ਮੈਂ ਅਸਵੀਕਾਰ ਕਰ ਦਿੱਤਾ ਹੈ। ਨਿਆਂ ਤੋਂ ਇਲਾਵਾ ਕੁਝ ਨਹੀਂ ਬਚਿਆ। ਨਿਆਂ ਕੀਤਾ ਗਿਆ, ਮੇਰਾ ਪਹਿਲਾਂ ਹੀ ਨਿਆਂ ਕਰ ਦਿੱਤਾ ਗਿਆ ਹੈ। ਪਰਮੇਸ਼ੁਰ ਨੇ ਕਿਹਾ, "ਜਿਸ ਦਿਨ ਤੁਸੀਂ ਇਸ ਨੂੰ ਖਾਓਗੇ, ਉਸੇ ਦਿਨ ਤੁਸੀਂ ਮਰ ਜਾਵੋਗੇ।" ਤੁਹਾਡਾ ਨਿਆਂ ਸਹੀ ਹੋਇਆ ਹੈ। ਅੱਜ ਦੁਪਹਿਰ ਇਹ ਨਿਆਂ ਦਾ ਸਿੰਘਾਸਣ ਹੈ, ਮਸੀਹ ਪ੍ਰਤੀ ਤੁਹਾਡਾ ਰਵੱਈਆ।

234 ਅਤੇ ਫਿਰ ਮੈਂ ਸੋਚਿਆ, "ਹਾਂ, ਓਹ ਠੀਕ ਹੈ।" ਅਤੇ ਮੈਂ ਇੱਕ ਦਿਨ ਦੇਖਿਆ ਕਿ ਮੈਂ ਉਸਦੇ ਕੋਲ ਘਿਸਰਦਾ ਹੋਇਆ ਗਿਆ। ਮੈਂ ਆਪਣੀ ਪੁਰਾਣੀ ਕਿਤਾਬ ਉੱਥੇ ਪਈ ਵੇਖੀ, ਇੱਕ ਪਾਪੀ, ਉੱਥੇ ਸਭ ਕੁਝ ਉਸ ਉੱਤੇ ਰੱਖਿਆ ਹੋਇਆ ਸੀ। ਮੈਂ ਆਪਣੇ ਪਾਪਾਂ ਨੂੰ ਦੇਖਿਆ ਜੋ ਇਹ ਕਰ ਰਿਹਾ ਸੀ, ਅਤੇ ਮੈਂ ਕਿਹਾ, "ਪ੍ਰਭੂ, ਕੀ ਤੁਸੀਂ ਮੈਨੂੰ ਮਾਫ਼ ਕਰੋਗੇ?"

235 ਉਸਨੇ ਆਪਣਾ ਹੱਥ ਆਪਣੀ ਵੱਖੀ ਵਿੱਚ ਪਾਇਆ, ਕੁਝ ਲਹੂ ਲਿਆ, ਇਸ ਨਾਲ ਉਸ ਦੇ ਉੱਪਰ ਲਿਖਿਆ, ਅਤੇ ਕਿਹਾ, "ਮਾਫ਼ ਕਰ ਦਿੱਤਾ ਗਿਆ।" ਇਸ ਨੂੰ ਭੁੱਲ ਜਾਣ ਵਾਲੇ ਸਮੁੰਦਰ ਵਿੱਚ ਸੁੱਟ ਦਿੱਤਾ, ਇਸ ਨੂੰ ਹੋਰ ਯਾਦ ਨਾ ਕਰਨ ਲਈ। ਇਹ ਹਮੇਸ਼ਾ ਲਈ ਚਲਾ ਗਿਆ ਸੀ! ਉਸ ਨੇ ਕਿਹਾ, "ਮੈਂ ਤੁਹਾਨੂੰ ਮਾਫ਼ ਕਰਦਾ ਹਾਂ, ਪਰ ਤੁਸੀਂ ਉਸਦੀ ਨਿੰਦਾ ਕਰ ਰਹੇ ਹੋ।"

ਇਸਨੇ ਮੇਰਾ ਵਿਚਾਰ ਬਦਲ ਦਿੱਤਾ। ਮੈਂ ਕਿਹਾ, "ਪ੍ਰਭੂ, ਦਯਾ ਕਰ।"

236 ਇਸ ਤੋਂ ਬਾਹਰ ਆਉਣ ਤੋਂ ਬਾਅਦ, ਮੈਂ ਚੱਲ ਕੇ ਗਿਆ ਅਤੇ ਹੇਠਾਂ ਬੈਠ ਗਿਆ। ਮੈਂ ਕਿਹਾ, "ਤੁਸੀਂ ਕਿਵੇਂ ਹੋ, ਮੈਡਮ?"

ਉਸ ਨੇ ਕਿਹਾ, "ਔਹ, ਹੈਲੋ।"

237 ਅਤੇ ਮੈਂ ਕਿਹਾ, "ਜੇ ਤੁਸੀਂ ਮੈਨੂੰ ਮਾਫ਼ ਕਰ ਦਿਓਗੇ," ਮੈਂ ਕਿਹਾ, "ਮੈਂ ਆਦਰਨੀਯ ਬ੍ਰਨਹਾਮ ਹਾਂ, ਇੱਕ ਸੇਵਕ ਹਾਂ।"

ਉਸ ਨੇ ਕਿਹਾ, "ਔਹ, ਮਾਫ਼ ਕਰਨਾ। ਮਾਫ਼ ਕਰਨਾ, ਆਦਰਨੀਯ ਬ੍ਰਨਹਾਮ।"

238 ਮੈਂ ਕਿਹਾ, "ਬੀਬੀ।" ਮੈਂ ਉਸਨੂੰ ਕਹਾਣੀ ਸੁਣਾਈ। ਮੈਂ ਕਿਹਾ, "ਮੈਂ ਉਥੇ ਖੜਾ ਸੀ, ਅਤੇ ਮੈਂ ਤੁਹਾਡੀ ਨਿੰਦਾ ਕਰ ਰਿਹਾ ਸੀ, ਅਤੇ ਸੋਚ ਰਿਹਾ ਸੀ, 'ਕਿੰਨੀ ਭਿਆਨਕ ਗੱਲ ਹੈ!' ਸ਼ਾਇਦ ਤੁਹਾਡੇ ਬੱਚੇ ਹਨ।"

ਉਸ ਨੇ ਕਿਹਾ, "ਮੇਰੇ ਹਨ।"

239 ਮੈਂ ਕਿਹਾ, "ਰਾਹ ਗਲਤ ਹੋਣ ਦਾ ਕਾਰਨ ਕੀ ਹੈ?" ਉਸ ਨੇ ਮੇਰੇ ਅੱਗੇ ਇੱਕ ਕਹਾਣੀ ਨੂੰ ਖੋਲਣਾ ਸ਼ੁਰੂ ਕਰ ਦਿੱਤਾ ਜੋ ਕਿਸੇ ਵੀ ਚੀਜ਼ ਦਾ ਦਿਲ ਤੋੜ ਦੇਵੇਗੀ। ਮੈਂ ਕਿਹਾ, "ਮੈਂ—ਮੈਂ ਪਰਮੇਸ਼ੁਰ ਨੂੰ ਪੁੱਛ ਰਿਹਾ ਸੀ ਕਿ ਉਸਨੇ ਧਰਤੀ ਤੋਂ ਅਜਿਹੀ ਚੀਜ ਉਖਾੜ ਕਿਉਂ ਨਹੀਂ ਦਿੱਤੀ? ਇੱਥੇ, ਤੁਸੀਂ ਇੱਥੇ ਇਨ੍ਹਾਂ ਦੋ ਸ਼ਰਾਬੀ ਆਦਮੀਆਂ ਨਾਲ, ਅਤੇ ਤੁਸੀਂ ਖੁਦ, ਸ਼ਰਾਬੀ ਹੋ।" ਅਤੇ ਮੈਂ ਕਿਹਾ, "ਕਿਸੇ ਦਿਨ…ਉਹ ਲਹੂ ਤੁਹਾਡੇ ਤੋਂ ਪਰਮੇਸ਼ੁਰ ਦੇ ਕ੍ਰੋਧ ਨੂੰ ਰੋਕ ਰਿਹਾ ਹੈ। ਤੁਸੀਂ ਇਹਨਾਂ ਦਿਨਾਂ ਵਿੱਚੋਂ ਕਿਸੇ ਇੱਕ ਦਿਨ ਮਰਨ ਜਾ ਰਹੇ ਹੋ। ਅਤੇ, ਫਿਰ, ਤੁਸੀਂ—ਤੁਸੀਂ ਹੁਣ ਇੱਕ ਆਜਾਦ ਨੈਤਿਕ ਜਿੰਮੇਵਾਰੀ ਤੇ ਹੋ, ਤੁਸੀਂ ਰੱਦ ਸਕਦੇ ਹੋ ਜਾਂ ਸਵੀਕਾਰ ਕਰ ਸਕਦੇ ਹੋ।" ਮੈਂ ਕਿਹਾ, "ਪਰ ਕਿਸੇ ਦਿਨ ਤੁਹਾਡੀ ਆਤਮਾ ਉਸ ਤੋਂ ਪਾਰ ਜਾ ਰਹੀ ਹੈ, ਜਿੱਥੇ ਕੋਈ ਰਹਿਮ ਨਹੀਂ ਹੈ। ਅਤੇ ਜੇਕਰ ਤੁਸੀਂ ਆਪਣੇ ਪਾਪਾਂ ਵਿੱਚ ਮਰ ਜਾਂਦੇ ਹੋ, ਤਾਂ ਤੁਹਾਡਾ ਨਿਆਂ ਪਹਿਲਾਂ ਹੀ ਹੋ ਚੁੱਕਾ ਹੋਵੇਗਾ, ਅਤੇ ਤੁਸੀਂ ਨਰਕ ਵਿੱਚ ਜਾਵੋਗੇ।"

240 ਤੁਹਾਨੂੰ ਪਤਾ ਹੈ? ਉਹ ਔਰਤ ਉਥੇ ਉਸ ਰੈਸਟੋਰੈਂਟ ਦੀ ਸੀਟ ਤੋਂ ਤਿਲਕ ਗਈ। ਸਾਡੇ ਕੋਲ ਇੱਕ ਅਜਿਹੀ ਪ੍ਰਾਰਥਨਾ ਸਭਾ ਸੀ ਜਿਹੀ ਤੁਸੀਂ ਆਪਣੇ ਜੀਵਨ ਵਿੱਚ ਕਦੇ ਨਹੀਂ ਸੁਣੀ ਹੋਵੇਗੀ, ਅਤੇ ਉਹ ਮਸੀਹ ਕੋਲ ਆ ਗਈ। ਇਹ ਕੀ ਸੀ? ਉਨ੍ਹਾਂ ਦੀ ਨਿੰਦਾ ਨਾ ਕਰੋ; ਉਨ੍ਹਾਂ ਨੂੰ ਖੁਸ਼ਖਬਰੀ ਦੱਸੋ। ਉਹਨਾਂ ਨੂੰ ਭੂਤ ਚਿੰਬੜੇ ਹੋਏ ਹਨ; ਉਹ ਇਸ ਖੇਤਰ ਵਿੱਚ ਮਰਨਹਾਰ ਹਨ। ਉਹ ਇਸ ਜਗ੍ਹਾ ਤੋਂ ਪ੍ਰਭਾਵਿਤ ਹਨ। ਸਾਡਾ ਪ੍ਰਭਾਵ ਉੱਪਰੋਂ ਆਉਂਦਾ ਹੈ। ਆਓ ਦੇਖੀਏ ਕਿ

ਅਸੀਂ ਆਪਣੀਆਂ ਪ੍ਰਤਿਭਾਵਾਂ ਨਾਲ ਕੀ ਕਰ ਸਕਦੇ ਹਾਂ, ਦੂਜਿਆਂ ਨੂੰ ਮਸੀਹ ਵਿੱਚ ਜਿੱਤਣ ਲਈ।

241 ਸਾਡੇ ਸਵਰਗੀ ਪਿਤਾ, ਤੁਹਾਡੀ ਭਲਾਈ ਅਤੇ ਦਇਆ ਲਈ ਤੁਹਾਡਾ ਧੰਨਵਾਦ ਕਰਦਾ ਹਾਂ। ਮੈਨੂੰ ਅਫ਼ਸੋਸ ਹੈ, ਪ੍ਰਭੂ; ਹੋ ਸਕਦਾ ਹੈ, ਲੋਕ, ਮੈਂ ਉਨ੍ਹਾਂ ਨੂੰ ਇੰਨੇ ਲੰਬੇ ਸਮੇਂ ਤੱਕ ਇੱਥੇ ਰੱਖਿਆ ਹੈ। ਪਰ ਇਸ ਤਰ੍ਹਾਂ ਦੁਪਹਿਰ ਦੀਆਂ ਸਭਾਵਾਂ ਦਾ ਅੰਤ ਹੋਣ ਕਰਕੇ, ਮੈਂ ਉਨ੍ਹਾਂ ਨੂੰ "ਭੂਤਾਂ," ਬਾਰੇ ਦੱਸਣਾ ਚਾਹੁੰਦਾ ਸੀ, ਅਤੇ ਮੈਂ ਇਸ ਨੂੰ ਇੱਕ ਥਾਂ ਤੇ ਬਹੁਤ ਜਿਆਦਾ ਰਗੜ ਦਿੱਤਾ ਹੈ, ਇੱਕੋ ਹੀ ਉਪਦੇਸ਼ ਵਿੱਚ, ਪਰ ਹੋ ਸਕਦਾ ਹੈ ਕਿ ਉਹ ਇਸ ਨੂੰ ਸਮਝ ਜਾਣ, ਥੋੜਾ ਇੱਥੇ ਅਤੇ ਥੋੜਾ ਉੱਥੇ, ਅਤੇ ਸਮਝ ਜਾਣ ਕਿ ਮੇਰਾ ਕੀ ਮਤਲਬ ਹੈ। ਇਸ ਨੂੰ ਲਿਆਉਣ ਪਿੱਛੇ, ਤੁਸੀਂ ਮੇਰੇ ਦਿਲ ਦੇ ਇਰਾਦਿਆਂ ਨੂੰ ਜਾਣਦੇ ਹੋ।

242 ਅੱਜ ਦੁਪਹਿਰ ਜੱਦ ਲੋਕ ਇੱਥੋਂ ਜਾਣ, ਅਤੇ ਮਰਦ ਅਤੇ ਔਰਤਾਂ ਉਹਨਾਂ ਦੀ ਹਰ ਹਰਕਤ ਨੂੰ ਵੇਖਣ, ਪਰ ਖੁਸ਼ ਅਤੇ ਆਜ਼ਾਦ ਰਹਿਣ। ਕਾਸ਼ ਉਹ ਜਾਣ ਲੈਣ ਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਬਚਾਇਆ ਹੈ। ਅਤੇ ਕਾਸ਼ ਉਹ ਉਸ ਵੱਲ ਵੇਖਣ, ਆਪਣੇ ਆਲੇ ਦੁਆਲੇ ਦੇ ਸਾਰੇ ਵਾਦਾਂ ਅਤੇ ਸਾਰੀਆਂ ਚੀਜ਼ਾਂ ਨੂੰ ਭੁੱਲ ਜਾਣ, ਅਤੇ ਸ਼ਾਂਤੀ ਅਤੇ ਸੰਜਮ ਨਾਲ ਜਿੰਦਗੀ ਜਿਉਣ, ਅਤੇ ਪਰਮੇਸ਼ੁਰ ਦੇ ਭੈਅ ਵਿੱਚ। ਅਤੇ ਜੱਦ, ਪਰਮੇਸ਼ੁਰ, ਜਦੋਂ ਤੁਸੀਂ ਉਹਨਾਂ ਨੂੰ ਕਿਸੇ ਵੀ ਚੀਜ਼ ਲਈ ਵਰਤਣਾ ਚਾਹੋਗੇ, ਤਾਂ ਤੁਸੀਂ ਉਹਨਾਂ ਨਾਲ ਸਿੱਧੇ ਤੌਰ ਤੇ ਗੱਲ ਕਰ ਸਕੋ ਅਤੇ ਉਹਨਾਂ ਨੂੰ ਉੱਥੇ ਭੇਜ ਸਕੋ ਜਿੱਥੇ ਤੁਸੀਂ ਉਹਨਾਂ ਨੂੰ ਭੇਜਣਾ ਚਾਹੁੰਦੇ ਹੋ ਜਾਂ ਜੋ ਤੁਸੀਂ ਉਹਨਾਂ ਤੋਂ ਜੋ ਕੁਝ ਵੀ ਕਰਾਉਣਾ ਚਾਹੁੰਦੇ ਹੋ। ਕਾਸ਼ ਲੋਕ ਹਲੀਮ ਹੋਣ ਅਤੇ ਆਪਣੇ ਦਿਲ ਵਿੱਚ ਮਸੀਹ ਨੂੰ ਪਾ ਲੈਣ। ਸਾਨੂੰ ਮਾਫ਼ ਕਰਨਾ, ਪ੍ਰਭੂ, ਸਾਡੇ ਵਿੱਚੋਂ ਹਰੇਕ ਦੀਆਂ, ਸਾਡੀਆਂ ਸਾਰੀਆਂ ਕਮੀਆਂ ਨੂੰ।

243 ਅਤੇ ਅਸੀਂ ਜਾਣਦੇ ਹਾਂ ਕਿ—ਕਿ ਸ਼ੈਤਾਨ ਬੁੱਕਦੇ ਸੀਂਹ ਵਾਂਗ ਭਾਲਦਾ ਫਿਰਦਾ ਹੈ, ਹਰ ਜਗ੍ਹਾ, ਜਿਸ ਨੂੰ ਉਹ ਚਾਹੁੰਦਾ ਹੈ ਉਹ ਪਾੜ ਖਾਂਦਾ ਹੈ, ਧਾਰਮਿਕ ਚੋਗੇ ਪਹਿਨ ਕੇ। ਹੇ ਪਰਮੇਸ਼ੁਰ, ਇਹਨਾਂ ਗਰੀਬ ਛੋਟੇ ਬੱਚਿਆਂ ਨੂੰ, ਇਹਨਾਂ ਵੱਲ ਵੇਖੋ, ਹਰ ਜਗ੍ਹਾ। ਉਹ ਖੁੱਲ੍ਹੇ ਹਨ ਅਤੇ ਲੋਕਾਂ ਦੇ ਸਾਹਮਣੇ ਹਨ। ਅਤੇ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ, ਪਰਮੇਸ਼ੁਰ, ਉਨ੍ਹਾਂ ਤੇ ਮਿਹਰਬਾਨ ਹੋਵੋ, ਅਤੇ ਸਾਰੇ ਗੁਆਚੇ ਹੋਏ ਲੋਕਾਂ ਨੂੰ ਬਚਾਓ, ਬਿਮਾਰਾਂ ਨੂੰ ਚੰਗਾ ਕਰੋ। ਅਤੇ, ਪਰਮੇਸ਼ੁਰ, ਸਾਨੂੰ ਅਹਿਸਾਸ ਹੈ ਕਿ ਜੱਦ ਬਿਮਾਰੀ ਦੇ ਇਹ ਪੁਰਾਣੇ ਸ਼ੈਤਾਨ ਤੁਹਾਡੇ ਬੱਚਿਆਂ ਉੱਤੇ ਆ ਰਹੇ ਹਨ, ਤੁਹਾਡੇ ਕੋਲ ਇੱਕ ਪ੍ਰਾਸਚਿਤ ਪਿਆ ਹੋਇਆ ਹੈ, ਇਸ ਨੂੰ ਸੰਭਾਲਣ ਦੇ ਲਈ। ਅਤੇ ਉਹ ਸਾਰੇ ਸ਼ੈਤਾਨ ਜੋ ਉਹਨਾਂ ਤੋਂ ਪਾਪ ਕਰਾਉਂਦੇ ਹਨ, ਤੁਹਾਡੇ ਕੋਲ ਇੱਕ ਪ੍ਰਾਸਚਿਤ ਪਿਆ ਹੋਇਆ ਹੈ, ਉਹ ਇਸ ਨੂੰ ਸਾਂਭ ਲਵੇਗਾ।

ਅਤੇ ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਇਸਨੂੰ ਯਿਸੂ ਦੇ ਨਾਮ ਵਿੱਚ ਬਖਸ਼ ਦਿਓਗੇ। ਆਮੀਨ।

ਮੈਨੂੰ ਹੈਰਾਨੀ ਹੈ ਕਿ ਜੇ ਉੱਥੇ...

53-0609A ਭੂਤ ਵਿਗਿਆਨ — ਧਾਰਮਿਕ ਖੇਤਰ
ਰੌਬਰਟਸ ਪਾਰਕ ਐਮਫੀਥੀਏਟਰ
ਕੈਨਰਸਵਿੱਲੇ, ਇੰਡੀਆਨਾ ਸੰਯੁਕਤ ਰਾਜ ਅਮਰੀਕਾ

PUNJABI

©2022 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

## ਕਾਪੀਰਾਈਟ ਨੋਟਿਸ

ਸਾਰੇ ਹੱਕ ਰਾਖਵੇਂ ਹਨ । ਇਹ ਕਿਤਾਬ ਨਿਜੀ ਵਰਤੋਂ ਜਾਂ ਯਿਸੂ ਮਸੀਹ ਦੇ ਸ਼ੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰਿੰਟਰ ਤੇ ਛਾਪੀ ਜਾ ਸਕਦੀ ਹੈ । ਇਹ ਕਿਤਾਬ ਵੋਇਸ ਆਫ ਗੋਡ ਰਿਕਾਰਡਿੰਗਜ਼ ਵਲੋਂ ਲਿਖਤੀ ਇਜ਼ਾਜ਼ਤ ਦੇ ਬਿਨਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਿਸੇ ਵੈਬਸਾਈਟ ਤੇ ਪੋਸਟ, ਕਿਸੇ ਰੀਟਰੀਵਲ ਸਿਸਟਮ ਤੇ ਸਟੋਰ, ਕਿਸੇ ਹੋਰ ਭਾਸ਼ਾ ਵਿੱਚ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ ।

ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਿਰਪਾ ਕਰੇ ਸੰਪਰਕ ਕਰੋ:



VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org